
# ਵਤਨੋਂ ਦੂਰ



ਮੈਨੂੰ ਫ਼ਖ਼ਰ ਹੈ ਮੈਂ ਕੀ ਹਾਂ
ਫ਼ਖ਼ਰ ਹੈ ਉਸ ਉੱਤੇ
ਜੋ ਮੈਂ ਜ਼ਿੰਦਗੀ 'ਚ ਕੀਤਾ ਹੈ
ਮੇਰੀ ਧਰਤੀ ਉੱਤੋਂ ਮੇਰਾ ਵਜੂ ਮਿਟਾਂ ਦੇਂਗਾ
ਦੇਵੇਗਾ
ਆਪਣੀ ਕੈਦਣੀ ਵਿੱਚ ਮੈਂ
ਆਜ਼ਾਦ ਹੋ ਜਾਵਾਂਗਾ
ਮੇਰੀ ਵਿੱਚ ਜ਼ਿੰਦਗੀ
ਮੈਂ ਆਜ਼ਾਦੀ ਨੂੰ ਵੇਖਦਾ ਹਾਂ
— ਬੈਂਜਾਮਿਨ ਮੋਲੋਇਸ

WATNO DUR OCT - NOV - DEC 1985 Vol. 13 No. 108

LITERARY & CULTURAL BIMONTHLY OF PANJABI

# WATNO DUR

P.O. BOX 9545
Edmonton, Alberta, T6E 5X2

P.O. BOX 67681 Station 'O'
Vancouver, B.C., V5W 3V2

(Started in July 1973)

2nd Class Mail Reg. No. 3233 OCT-NOV-DEC 1985 Vol. 13 No. 108

EDITORIAL BOARD:

SURINDER DHANJAL, EDMONTON..........439-6216
SATWANT, EDMONTON..................461-1917
LAAT BHINDER, EDMONTON..............435-7469
AVTAR GILL, SHERWOOD PARK...........464-3851
KARNAIL RANDHAWA, EDMONTON..........462-2712

WATNO DUR REPRESENTATIVES:

● BRITISH COLUMBIA
SADHU, BURNABY......................437-9014
SUKHWANT HUNDAL, VANCOUVER..........321-9221
AMARJIT CHAHAL, SURREY..............581-0406
PAUL BINNING, RICHMOND..............270-9467
GURCHARAN TALLEWALIA, BURNABY.......298-3982
TEJ SANDHU, QUESNEL.................992-6775
AVTAR RODHEY, QUESNEL...............992-7578
INDERJIT RODE, VANCOUVER............430-4104

## ਇਸ ਅੰਕ ਦੇ ਲੇਖਕ

- ਨਾਵਲਕਾਰ ਸੋਹਣ ਸਿੰਘ ਸੀਤਲ (ਨਾਟਕ)
- ਨਾਟਕਕਾਰ ਗੁਰਸ਼ਰਨ ਸਿੰਘ (ਨਾਟਕ)
- ਵੈਨਕੂਵਰ ਸੱਥ (ਰੀਪੋਰਟ
- ਹਰਦੇਵ ਵਿਰਕ (ਲੇਖ)
- ਪ੍ਰੋ: ਬਲਦੀਪ (ਲੇਖ)
- ਤੇਜ ਸੰਧੂ ਸਆਧਵੀ (ਕਹਾਣੀ
- ਸੁਖਵੰਤ ਹੁੰਦਲ, ਸਾਧੂ (ਰੀਵੀਊ)
- ਮਿੱਤਰ ਰਾਸ਼ਾ (ਕਵਿਤਾ)
- ਜਗਤਾਰ ਢਾਅ (ਕਵਿਤਾ)
- ਅਮਨ (ਕਵਿਤਾ)
- ਨਾਜਰ ਸਿੰਘ ਤਰਸ (ਕਵਿਤਾ)
- ਸਾਧੂ, ਹੁੰਦਲ, ਬੋਲ, ਟੁੱਟ (ਖ਼ਤ)

● ANNUAL SUBSCRIPTION

- Canada/U.S.A.: $6.00; England: L5.00; Other Countries: $10.00 (By Air) (Cheques, Drafts, Money-Orders payable to 'Watno Dur' should be sent to Edmonton, Alberta or Vancouver, B.C. in Canada).
- Special Rates for subscribers of India (Annual:RS10/-); Mail directly to: 1. Gursharan singh, Editor SAMTA, Guru Khalsa Niwas, P.O. Khalsa College, Amritsar - 143002. 2. Surinder Kailay, Editor ANU, Lalton Klan, Ludhiana - 142022.

● WATNO DUR (Far from the Motherland) is a Literary and cultural bimonthly of PANJABI - the mother tongue of East Panjab (INDIA) and West Panjab (PAKISTAN) - published by WATNO DUR PUBLICATIONS (Registered). The contributors include well-known Panjabi writers throughout the world.

● All officeholders and members of WATNO DUR PUBLICATIONS (Registered), past and present, have been and are honorary associates of WATNO DUR.

● Opinions expressed are of the individual writers and may not necessarily, reflect the official policies of WATNO DUR PUBLICATIONS (Registered).

ਸੰਪਾਦਕੀ

# ਭੂਤ, ਵਰਤਮਾਨ ਅਤੇ ਭਵਿੱਖ ਦੇ ਆਰ-ਪਾਰ

ਇੱਕ ਸੱਚਾ ਸਾਹਿੱਤਕਾਰ ਸਾਹਿੱਤ ਅਤੇ ਜ਼ਿੰਦਗੀ ਦਾ ਗੰਭੀਰ ਵਿਦਿਆਰਥੀ ਹੁੰਦਾ ਹੈ। ਉਹ ਸੁਹਿਰਦਤਾ, ਮਿਹਨਤ ਅਤੇ ਈਮਾਨਦਾਰੀ ਨਾਲ ਸਾਹਿੱਤ ਦਾ, ਜ਼ਿੰਦਗੀ ਦਾ, ਆਲੇ ਦੁਆਲੇ ਦਾ ਡੂੰਘਾ ਅਧਿਅਨ ਕਰਦਾ ਹੈ। ਆਪਣੇ ਇਸ ਅਧਿਅਨ ਦੀ ਡੂੰਘਾਈ ਅਤੇ ਕਲਪਨਾ ਦੇ ਸਹਾਰੇ ਉਹ ਭੂਤਕਾਲ ਨੂੰ ਦੇਖਦਾ ਹੈ- ਵਰਤਮਾਨ ਵਿੱਚ ਰਚਨਾ ਕਰਦਾ ਹੈ-ਅਤੇ ਆਪਣੀ ਰਚਨਾ ਵਿੱਚ ਭਵਿੱਖ ਦੇ ਸੁਹਣੇ ਨਕਸ਼ਾਂ ਦੇ ਸੁਪਨੇ ਬੀਜਦਾ ਹੈ। ਉਹ ਦੇਸ਼ਾਂ, ਕੌਮਾਂ, ਧਰਮਾਂ, ਨਸਲਾਂ, ਰੰਗਾਂ ਅਤੇ ਵਿਤਕਰਿਆਂ ਦੀਆਂ ਹੱਦਬੰਦੀਆਂ ਤੋਂ ਉੱਪਰ ਉੱਠਕੇ ਸਮੁੱਚੀ ਲੋਕਤਾ ਦੀ ਭਲਾਈ ਲਈ ਆਪਣੀ ਕਲਮ ਨਾਲ ਸੰਘਰਸ਼ ਕਰਦਾ ਹੈ। ਉਸਦਾ ਸੰਘਰਸ਼ ਹਰ ਤਰਾਂ ਦੀਆਂ ਕੁਰੀਤੀਆਂ, ਜ਼ੁਲਮਾਂ ਅਤੇ ਕੁਹਜਾਂ ਦੇ ਖਿਲਾਫ਼ ਹੁੰਦਾ ਹੈ, ਜਿਹੜੇ ਜ਼ਿੰਦਗੀ ਦੀ ਨਿਰੰਤਰ ਪ੍ਰਗਤੀ ਦੇ ਰਾਹ ਦੇ ਰੋੜੇ ਹਨ। ਏਸੇ ਕਰਕੇ ਸੱਚਾ ਸਾਹਿੱਤਕਾਰ ਆਪਣੀ ਸਨਾਖ਼ਤ ਹਮੇਸ਼ਾਂ ਦੁਨੀਆਂ ਭਰ ਦੇ ਦੱਬੇ ਕੁਚਲੇ ਅਤੇ ਲੁੱਟੇ ਜਾ ਰਹੇ ਲੋਕਾਂ ਨਾਲ ਕਰਦਾ ਹੈ - ਜਿੰਨੀ ਵੱਧ ਉਸਨੂੰ ਲੁੱਟੇ ਜਾ ਰਿਹਾਂ ਨਾਲ ਹਮਦਰਦੀ ਹੋਵੇਗੀ, ਉਸਦੀ ਕਲਮ ਉਨਾਂ ਹੀ ਵੱਧ ਜ਼ੋਰਦਾਰ ਸੰਘਰਸ਼ ਦਾ ਹੋਕਾ ਦੇਵੇਗੀ।

ਇੱਕ ਸੱਚਾ ਸਾਹਿੱਤਕਾਰ ਆਪਣੀ ਰਚਨਾ ਦੀਆਂ ਰੂਪਕ ਬਾਰੀਕੀਆਂ ਪ੍ਰਤੀ ਵੀ ਉਨਾਂ ਹੀ ਸੁਚੇਤ ਹੁੰਦਾ ਹੈ, ਜਿੰਨਾਂ ਉਹ ਆਪਣੇ ਵਿਸ਼ੇ ਦੀ ਚੋਣ ਬਾਰੇ। ਉਸਨੂੰ ਅਹਿਸਾਸ ਹੁੰਦਾ ਹੈ ਕਿ ਵਿਸ਼ੇ ਅਤੇ ਰੂਪ ਦੇ ਢੁਕਵੇਂ ਕਲਾਤਮਕ ਸੁਮੇਲ ਬਿਨਾ ਕੋਈ ਵੀ ਰਚਨਾ ਉੱਤਮ ਸਾਹਿੱਤ ਨਹੀਂ ਬਣ ਸਕਦੀ। ਉਸਨੂੰ ਅਹਿਸਾਸ ਹੁੰਦਾ ਹੈ ਕਿ ਅਜਿਹੀ ਕਲਾਤਮਕ ਡੂੰਘਾਈ, ਕਲਾਤਮਕ ਪੇਸ਼ਕਾਰੀ ਹੀ ਉਸਦੀ ਲਿਖਤ ਨੂੰ ਫਿਲਾਸਫ਼ੀ, ਰਾਜਨੀਤੀ, ਸਮਾਜ-ਵਿਗਿਆਨ ਵਰਗੇ ਹੋਰਨਾਂ ਖੇਤਰਾਂ ਤੋਂ ਵਖਰਿਆਉਂਦੀ ਹੈ- ਉਸਨੂੰ ਅਹਿਸਾਸ ਹੁੰਦਾ ਹੈ ਕਿ ਕਲਾਤਮਕ ਪਰਪੱਕਤਾ ਹੀ ਉਸਦੀ ਲਿਖਤ ਨੂੰ ਸਾਹਿੱਤ ਹੋਣ ਦੀ ਵੱਖਰੀ ਹੋਂਦ, ਵੱਖਰੀ ਪਛਾਣ ਪਰਦਾਨ ਕਰਦੀ ਹੈ।

ਇਸ ਵਾਰ ਆਪਣਾ ਸੁਨੇਹਾ ਪਾਠਕਾਂ / ਲੇਖਕਾਂ ਤੱਕ ਪਹੁੰਚਾਉਣ ਲਈ ਅਕਤੂਬਰ, ਨਵੰਬਰ ਮਹੀਨਿਆਂ ਨਾਲ ਸੰਬੰਧਤ ਤਿੰਨ ਕੁਝ ਘਟਨਾਵਾਂ ਦੇ ਸਹਾਰੇ ਉਪਰੋਕਤ ਵਿਚਾਰਾਂ ਦੀ ਰੌਸ਼ਨੀ ਵਿੱਚ ਅਸੀਂ ਭੂਤ, ਵਰਤਮਾਨ ਅਤੇ ਭਵਿੱਖ ਦੇ ਆਰਪਾਰ ਦੇਖਣ ਦੀ ਕੋਸ਼ਿਸ਼ ਕਰਾਂਗੇ:

1. ਉਤਰੀ ਅਮਰੀਕਾ ਵਿੱਚ ਸਥਾਪਤ ਹੋਣ ਵਾਲੀ ਹਿੰਦੁਸਤਾਨ ਗਦਰ ਪਾਰਟੀ ਦੇ ਨਵੰਬਰ 1915 ਵਿੱਚ ਫਾਂਸੀ ਲਟਕਣ ਵਾਲੇ ਦੇਸ਼-ਭਗਤ ਅਤੇ ਇੱਕ ਨਵੰਬਰ 1913 ਤੋਂ ਹੋਂਦ ਵਿੱਚ ਆਉਣ ਵਾਲਾ ਉਸਦਾ ਅਖਬਾਰ ਗਦਰ
2. 18 ਅਕਤੂਬਰ 1985 ਨੂੰ ਦੱਖਣੀ ਅਫਰੀਕਾ ਦੀ ਨਸਲਵਾਦੀ ਸਰਕਾਰ ਵੱਲੋਂ ਫਾਂਸੀ ਚੜ੍ਹਾਏ ਜਾਣ ਵਾਲਾ ਕਾਲਾ ਸ਼ਾਇਰ ਬੈਂਜਮਿਨ ਮੋਲੋਇਸ
3. ਪਿਛਲੇ ਵਰ੍ਹੇ ਅਕਤੂਬਰ ਨਵੰਬਰ ਵਿੱਚ ਹਿੰਦੁਸਤਾਨ ਵਿੱਚ ਵਾਪਰੀਆਂ ਦੁਖਦਾਈ ਘਟਨਾਵਾਂ

ਹਿੰਦੁਸਤਾਨ ਗਦਰ ਪਾਰਟੀ ਮਈ 1913 ਵਿੱਚ ਇੱਕ ਵਿਸ਼ਾਲ ਇਨਕਲਾਬੀ ਜਥੇਬੰਦੀ ਵਜੋਂ ਹੋਂਦ ਵਿੱਚ ਆਈ। ਇਸਨੂੰ ਅਮਰੀਕਾ ਅਤੇ ਹੋਰਨਾਂ ਟਾਪੂਆਂ ਵਿੱਚ ਸਨਅਤੀ ਮਜ਼ਦੂਰਾਂ ਦੇ ਤੌਰ ਤੇ ਕੰਮ ਕਰਨ ਵਾਲੇ ਹਿੰਦੋਸਤਾਨੀਆਂ ਨੇ ਕਾਇਮ ਕੀਤਾ। ਦੇਸ ਪ੍ਰਦੇਸ ਵਿੱਚ ਹਿੰਦੋਸਤਾਨੀਆਂ ਦੀ ਅੰਗਰੇਜ਼ ਸਾਮਰਾਜ ਵਿਰੁੱਧ ਕੌਮੀ ਆਜ਼ਾਦੀ ਦੀ ਪ੍ਰਾਪਤੀ ਲਈ ਚੱਲਣ ਵਾਲੀ ਲਹਿਰ ਵਿੱਚ ਗਦਰ ਪਾਰਟੀ ਦਾ ਬੜਾ ਵੱਡਾ ਇਤਿਹਾਸਕ ਸਥਾਨ ਹੈ। ਇਸ ਪਾਰਟੀ ਨੇ ਆਪਣੀਆਂ ਕਥਿਣੀਆਂ ਅਤੇ ਕਰਨੀਆਂ ਨਾਲ ਕੌਮੀ ਲਹਿਰ ਨੂੰ ਜਮਹੂਰੀ, ਇਨਕਲਾਬੀ ਅਤੇ ਸਮਾਜਵਾਦੀ ਅਮਲਾਂ ਦੀ ਦੇਣ ਦਿੱਤੀ। 16 ਨਵੰਬਰ 1915 ਨੂੰ ਅੰਗਰੇਜ਼ ਸਾਮਰਾਜ ਨੇ ਇਸ ਲਹਿਰ ਦੇ ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ ਅਤੇ ਪੰਜ ਹੋਰ ਇਨਕਲਾਬੀਆਂ ਨੂੰ ਲਾਹੌਰ ਸੈਂਟਰਲ ਜੇਲ੍ਹ ਵਿੱਚ ਫਾਂਸੀ ਲਟਕਾ ਦਿੱਤਾ।

ਗਦਰ ਪਾਰਟੀ ਦਾ ਮੁੱਖ ਉਦੇਸ਼ ਸੀ [ਗਦਰ ਪਾਰਟੀ ਲਹਿਰ / ਜਗਜੀਤ ਸਿੰਘ / ਸਫ਼ਾ 47] : "ਗਦਰ ਪਾਰਟੀ ਦੇ ਹਰ ਇੱਕ ਸਿਪਾਹੀ ਦਾ ਆਪੋ ਵਿਚ ਦੀ ਕੌਮੀ ਨਾਤਾ ਹੋਵੇਗਾ ਨਾ ਕਿ ਮਜ਼੍ਹਬੀ, ਅਤੇ ਨਾ ਹੀ ਗਦਰ ਪਾਰਟੀ ਵਿੱਚ ਕਦੀ ਮਜ਼੍ਹਬੀ ਚਰਚਾ ਵਾਦ ਕੀਤੀ ਜਾਵੇਗੀ। ਆਸਤਕ (ਰੱਬ ਨੂੰ ਮੰਨਣ ਵਾਲੇ), ਨਾਸਤਕ (ਰੱਬ ਤੋਂ ਬੇਮੁਖ), ਹਿੰਦੂ, ਮੁਸਲਮਾਨ, ਸਿੱਖ, ਈਸਾਈ ਆਦਿਕ ਮਜ਼੍ਹਬੀ ਖਿਆਲਾਂ ਨੂੰ ਲੈ ਕੇ, ਕੋਈ ਆਦਮੀ ਗਦਰ ਪਾਰਟੀ ਵਿੱਚ ਸ਼ਾਮਲ ਨਹੀਂ ਹੋ ਸਕੇਗਾ। ਹਰ ਇੱਕ ਹਿੰਦੁਸਤਾਨੀ, ਹਿੰਦੁਸਤਾਨੀ ਹੁੰਦਾ ਹੋਇਆ, ਤੇ ਹਰ ਇੱਕ ਮਨੁੱਖ, ਮਨੁੱਖ ਹੁੰਦਾ ਹੋਇਆ, ਇਸਦਾ ਮੈਂਬਰ ਬਣ ਸਕੇਗਾ।"

ਇਸ ਪਾਰਟੀ ਵੱਲੋਂ ਅਖਬਾਰ ਗਦਰ ਦਾ ਪਹਿਲਾ ਪਰਚਾ ਪਹਿਲੀ ਨਵੰਬਰ 1913 ਨੂੰ ਪ੍ਰਕਾਸ਼ਤ ਹੋਇਆ (ਆਖ਼ਰਲਾ ਦਸੰਬਰ 1934 ਵਿੱਚ / ਦੇਖੋ 'ਵਤਨੋਂ ਦੂਰ'; ਨਵੰਬਰ 1974; ਸਫ਼ਾ 26)। ਅਖਬਾਰ ਗਦਰ ਵਿੱਚੋਂ ਚੋਣਵੀਆਂ ਕਵਿਤਾਵਾਂ ਇਕੱਤਰ ਕਰਕੇ "ਗਦਰ ਦੀ ਗੂੰਜ" ਨਾਮ ਹੇਠ ਵੱਖ ਛਪਦੀਆਂ ਸਨ। ਕੁਝ ਕੁ ਰਚਨਾਵਾਂ ਦੇ ਨਮੂਨੇ ਇਉਂ ਹਨ:

- ਹਿੰਦੂ ਸਿੱਖ ਪਠਾਣ ਤੇ ਮੁਸਲਮਾਨੋ, ਫੌਜਾਂ ਵਾਲਿਓ ਜ਼ਰਾ ਖਿਆਲ ਕਰਨਾ।
  ਸਾਡਾ ਦੇਸ਼ ਫਰੰਗੀਆਂ ਲੁੱਟ ਖਾਧਾ, ਅਸੀਂ ਜੁੱਧ ਹੁਣ ਉਹਨਾਂ ਦੇ ਨਾਲ ਕਰਨਾ। [ਗਦਰ ਦੀ ਗੂੰਜ ਨੰ: 1, ਸਫ਼ਾ 20]

- ਹਿੰਦੂ ਤੇ ਮੁਸਲਮਾਨ ਸਿੱਖ ਤੇ ਬੰਗਾਲੀ ਸਾਰੇ ਭਾਰਤ ਦੇ ਪੁੱਤ ਅਸੀਂ ਸਾਰੇ ਹੀ ਕਹਾਂਵਦੇ।
  ਸਭ ਤੇ ਮਜ਼੍ਹਬ ਜਿਹੜੇ ਰੱਖ ਲੌ ਕਿਨਾਰਿਆਂ ਤੇ ਦੇਖੀ ਜਾਊ ਪਿਛੋਂ ਪਹਿਲਾਂ ਕੰਮ ਕਤਲਾਮ ਦੇ। [ਉਪਰੋਕਤ, ਸਫ਼ਾ 4]

- ਲੋਕ ਹਿੰਦ ਦੇ ਬੜੇ ਸੁਦਾਈ ਫਸ ਗਏ ਮਜ਼੍ਹਬੀ ਝੇੜਿਆਂ ਮੇਂ।
  ਰਾਜਨੀਤੀ ਦਾ ਪਤਾ ਨਾ ਕੋਈ ਝਗੜਨ ਪਏ ਬਖੇੜਿਆਂ ਮੇਂ।
  . . . . . .
  ਹਿੰਦੂ ਸਿੱਖ ਮੁਸਲਮਾਨ ਸਾਰੇ ਇੱਕੋ ਕੌਮ ਅਸਾਡੀ ਹੈ।
  ਏਹ ਬਦਮਾਸ਼ ਚਲਾਕ ਫਰੰਗੀ, ਸਭ ਨੂੰ ਕੀਤਾ ਫਾਡੀ ਹੈ।
  . . . . . .

ਮੰਦਰ ਅਤੇ ਮਸੀਤਾਂ ਵਿੱਚੋਂ ਚੰਗੇ ਲੋਕ ਨਿਕਾਲੇ ਜੀ।
ਗੁਰਦੁਆਰੇ ਵੇਚਣ ਵਾਲੇ ਭਾਈ ਦਿਲ ਦੇ ਕਾਲੇ ਜੀ। [ਗਦਰ ਦੀ ਗੂੰਜ ਨੰ: 2, ਸਫ਼ਾ 24]

ਇਨ੍ਹਾਂ ਸਤਰਾਂ ਨੂੰ ਡੂੰਘਾਈ ਨਾਲ ਪੜ੍ਹੀਏ ਤਾਂ ਭੂਤਕਾਲ ਦੇ ਨਾਲ ਨਾਲ ਇਹ ਸਾਡਾ ਵਰਤਮਾਨ ਵੀ ਚਿਤਰ ਰਹੀਆਂ ਹਨ। ਇਹ ਸਤਰਾਂ ਫਿਟਕਾਰ ਹਨ ਉਹਨਾਂ ਸਾਰਿਆਂ ਲਈ ਜਿਨ੍ਹਾਂ ਨੇ ਹਿੰਦੋਸਤਾਨੀਆਂ ਨੂੰ ਅੱਜ ਫੇਰ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਵਿਚ ਵੰਡਣ ਦਾ ਅਤੇ ਇਉਂ ਇਨ੍ਹਾਂ ਕੌਮੀ ਸ਼ਹੀਦਾਂ ਦੀਆਂ ਕੁਰਬਾਨੀਆਂ ਦਾ, ਆਦਰਸ਼ਾਂ ਦਾ ਅਪਮਾਨ ਕਰਨ ਦਾ ਵਤੀਰਾ ਫੜਿਆ ਹੋਇਆ ਹੈ।

18 ਅਕਤੂਬਰ 1985 ਨੂੰ ਦੱਖਣੀ ਅਫਰੀਕਾ ਦੀ ਨਸਲਵਾਦੀ ਸਰਕਾਰ ਨੇ, ਦੁਨੀਆਂ ਭਰ ਦੇ ਲੋਕਾਂ ਦੀਆਂ ਅਪੀਲਾਂ ਨੂੰ ਅੱਖੋਂ ਉਹਲੇ ਕਰਦੇ ਹੋਏ, 28 ਸਾਲਾਂ ਦੇ ਭਰ ਜੁਆਨ ਸ਼ਾਇਰ ਬੈਂਜਮਿਨ ਮੋਲੋਇਸ ਨੂੰ ਫਾਂਸੀ 'ਤੇ ਲਟਕਾ ਦਿੱਤਾ। ਦੱਖਣੀ ਅਫਰੀਕਾ ਦੀਆਂ ਸਮੁੱਚੀਆਂ ਘਟਨਾਵਾਂ ਬਾਰੇ ਇੱਕ ਬਹੁਤ ਹੀ ਖੋਜ ਭਰਪੂਰ ਲੇਖ (ਵੈਨਕੂਵਰ ਸੱਥ ਦੀ ਰਚਨਾ) ਅਸੀਂ ਪਿਛਲੇ ਅੰਕ ਵਿਚ ਛਾਪਿਆ ਸੀ। ਬੈਂਜਮਿਨ ਨੂੰ ਫਾਂਸੀ ਇੱਕ ਚਿੱਟੇ ਪੁਲਸ ਸਿਪਾਹੀ ਦੇ ਕਤਲ ਦੀ ਸ਼ਾਜ਼ਸ ਵਿਚ ਸ਼ਾਮਲ ਹੋਣ ਦੇ ਨਾਤੇ ਦਿੱਤੀ ਗਈ। ਦੱਖਣੀ ਅਫਰੀਕਾ ਦੀ ਸਰਕਾਰ ਐਲਾਨੀਆ ਨਸਲੀ ਵਿਤਕਰੇ ਵਾਲਾ ਰਾਜ ਚਲਾ ਰਹੀ ਹੈ। ਬੈਂਜਮਿਨ ਇਸ ਸਰਕਾਰ ਵਿਰੁੱਧ ਜੂਝਣ ਵਾਲੀ ਅਫਰੀਕਨ ਨੈਸ਼ਨਲ ਕਾਂਗਰਸ ਦਾ ਗੁਰੀਲਾ ਸੀ। ਬੈਂਜਮਿਨ ਨੂੰ ਖ਼ਤਮ ਕਰਕੇ ਸਰਕਾਰ ਉਸਦੇ ਲੋਕਾਂ ਨੂੰ ਅਤੇ ਉਸਦੇ ਵਿਚਾਰਾਂ ਨੂੰ ਖ਼ਤਮ ਨਹੀਂ ਕਰ ਸਕਦੀ। ਬੈਂਜਮਿਨ ਦੀ ਫਾਂਸੀ ਤੋਂ ਬਾਅਦ ਉਸਦੇ ਮਾਂ-ਬਾਪ ਨੇ ਕਿਸੇ ਉਦਾਸੀ ਦਾ ਪ੍ਰਗਟਾਵਾ ਕਰਨ ਦੀ ਥਾਂ, ਆਪਣੀ ਮਮਤਾ ਦਾ ਗੌਰਵ ਉੱਚਾ ਕਰਦਿਆਂ ਹੋਰ ਮਿੱਤਰਾਂ ਅਤੇ ਰਿਸ਼ਤੇਦਾਰਾਂ ਸਮੇਤ ਪ੍ਰੀਟੋਰੀਆ ਜੇਲ੍ਹ ਦੇ ਸਾਹਮਣੇ ਕਾਲੇ ਲੋਕਾਂ ਦੀ ਆਜ਼ਾਦੀ ਦਾ ਗੀਤ ਗਾਇਆ। ਇਹ ਮੌਕਾ ਉਹਨਾਂ ਸਭਨਾਂ ਲਈ ਇੱਕ ਸਦੀਵੀ ਯਾਦਗਾਰ ਹੈ ਜਿਹੜੇ ਜ਼ਿੰਦਗੀ ਨੂੰ ਭਰਪੂਰ ਪਿਆਰ ਕਰਦੇ ਹਨ; ਭਰਪੂਰ ਜ਼ਿੰਦਗੀ ਜਿਉਣ ਦੀ ਤਮੰਨਾ ਰੱਖਦੇ ਹਨ ਅਤੇ ਲੋੜ ਪੈਣ 'ਤੇ ਜ਼ਿੰਦਗੀ ਵਾਰ ਵੀ ਸਕਦੇ ਹਨ। ਇਸ ਸ਼ਾਇਰ ਦੀ ਆਖ਼ਰੀ ਕਵਿਤਾ ਦੀਆਂ ਕੁਝ ਸਤਰਾਂ ਟਾਈਟਲ ਪੇਜ਼ ਉੱਤੇ ਦੁਨੀਆਂ ਭਰ ਦੀ ਨਸਲਪ੍ਰਸਤੀ ਪ੍ਰਤੀ ਫਿਟਕਾਰ ਵਜੋਂ, ਸ਼ਾਇਰ ਨੂੰ ਸ਼ਰਧਾਂਜਲੀ ਵਜੋਂ ਅਤੇ ਇੱਕ ਅੰਤਰਰਾਸ਼ਟਰੀ ਯਾਦ ਵਜੋਂ ਅਸੀਂ ਸਾਂਭ ਰਹੇ ਹਾਂ।

ਪਿਛਲੇ ਵਰ੍ਹੇ ਪ੍ਰਧਾਨ ਮੰਤਰੀ ਦੇ ਕਤਲ ਨੂੰ ਬਹਾਨਾ ਬਣਾ ਕੇ ਹਿੰਦੁਸਤਾਨੀ ਹਕੂਮਤ ਆਪਣੀਆਂ ਫਿਰਕੂ ਜਨੂੰਨੀ ਸਰਗਰਮੀਆਂ ਨੂੰ ਬਿਲਕੁੱਲ ਸਿਖ਼ਰ 'ਤੇ ਲੈ ਗਈ - ਸਿੱਖਾਂ ਨੂੰ ਬੇਰਹਿਮੀ ਨਾਲ ਇੱਕ ਮਿਥੀ ਮਿਥੀ ਸਕੀਮ ਅਧੀਨ ਕਤਲ ਕੀਤਾ ਗਿਆ, ਜਾਇਦਾਦਾਂ ਨੂੰ ਸਾੜਿਆ ਫੂਕਿਆ ਗਿਆ - ਧੀਆਂ ਭੈਣਾਂ ਦੀਆਂ ਇੱਜ਼ਤਾਂ ਲੁੱਟੀਆਂ ਗਈਆਂ - ਇਨ੍ਹਾਂ ਘਟਨਾਵਾਂ ਦੇ ਵਾਪਰਨ ਵਿੱਚ ਪਿਛਲੇ ਕਈ ਸਾਲਾਂ ਦੀਆਂ ਪੰਜਾਬ ਦੀਆਂ ਫਿਰਕੂ ਜਨੂੰਨੀ ਘਟਨਾਵਾਂ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ (ਜਿਨ੍ਹਾਂ ਬਾਰੇ ਅਸੀਂ ਸਮੇਂ ਸਮੇਂ ਸਿਰ ਲਿਖਦੇ ਰਹੇ ਹਾਂ)। ਅਦਾਰਾ ਵਤਨੋਂ ਦੂਰ ਨੇ ਇਸ ਕਤਲੇ-ਆਮ ਦੀਆਂ ਜ਼ਿੰਮੇਵਾਰ ਸਾਰੀਆਂ ਫਿਰਕੂ ਤਾਕਤਾਂ ਦੀ ਭਰਪੂਰ ਨਿਖੇਧੀ ਕਰਦਿਆਂ ਹਮੇਸ਼ਾਂ ਇਹੀ ਸਟੈਂਡ ਰੱਖਿਆ ਹੈ ਕਿ ਇਸ ਭਿਆਨਕ ਖ਼ੂਨੀ ਕਾਂਡ ਦੀ ਮੁੱਖ ਜ਼ਿੰਮੇਵਾਰ ਹਾਕਮ ਜਮਾਤ ਹੈ - ਹਿੰਦੁਸਤਾਨੀਆਂ ਦਾ ਮਜ਼੍ਹਬਾਂ, ਫਿਰਕਿਆਂ, ਧਰਮਾਂ ਵਿਚ ਵੰਡੇ ਜਾਣਾ ਹਾਕਮਾਂ ਨੂੰ ਰਾਸ ਆਉਂਦਾ ਹੈ। ਅਜਿਹੇ ਹਕੂਮਤੀ ਹੱਥ-ਕੰਡਿਆਂ ਤੋਂ ਬਚਣ ਦਾ ਅਤੇ ਦੁਸ਼ਮਣਾਂ ਤੇ ਦੋਸਤਾਂ ਦੀ ਸਹੀ ਪਛਾਣ ਕਰਨ ਦਾ ਸੁਨੇਹਾ ਸਾਡੇ ਹਰ ਪਰਚੇ ਵਿਚੋਂ ਝਲਕਦਾ ਨਜ਼ਰ ਆਵੇਗਾ।

ਇਨ੍ਹਾਂ ਘਟਨਾਵਾਂ ਬਾਰੇ ਦੇਸ ਪ੍ਰਦੇਸ ਦੇ ਪੰਜਾਬੀ ਦੇ ਬਹੁਤ ਸਾਰੇ ਸਾਹਿੱਤਕਾਰਾਂ / ਪੱਤਰਕਾਰਾਂ / ਕਲਾਕਾਰਾਂ ਦਾ ਰਵੱਈਆ ਲੋਕਾਂ ਨੂੰ ਚੇਤੰਨ ਕਰਨ ਵਾਲਾ ਸੀ (ਫਿਰਕੂਆਂ ਦਾ ਜ਼ਿਕਰ ਕਰਦੇ ਫੇਰ ਸਹੀ) - ਇਨ੍ਹਾਂ ਘਟਨਾਵਾਂ ਦੇ ਸਿੱਟੇ ਵਜੋਂ ਹੀ **"ਦੋਸ਼ੀ ਕੌਣ?", "ਪਹੁੰਚੇ ਹਾਂ ਕਿਸ ਮੁਕਾਮ ਤੇ", "ਜਾਗ ਜਾਗ ਓ ਲੋਕਾ", "ਧੁਖਦਾ ਸ਼ਹਿਰ", "ਜ਼ਖ਼ਮਾਂ ਦੀ ਫ਼ਸਲ", "ਜੰਗਲ ਦੇ ਵਿਰੁੱਧ"** ਅਤੇ ਹੋਰ ਬਹੁਤ ਸਾਰੀਆਂ ਪੁਸਤਕਾਂ ਦੀ ਰਚਨਾ / ਸੰਪਾਦਨਾ ਹੋਈ ਹੈ ਜਿਨ੍ਹਾਂ ਦੇ ਲੇਖਕ ਆਪਣੀਆਂ ਰਚਨਾਵਾਂ ਰਾਹੀਂ ਲੋਕਾਂ ਦੇ ਨਾਲ ਖੜੇ ਹੋਏ।

ਗਦਰ ਦੀ ਗੂੰਜ ਦੇ ਸ਼ਾਇਰਾਂ ਨਾਲ, ਬੈਂਜਮਿਨ ਦੀ ਕਲਮ ਨਾਲ ਅਤੇ ਅੱਜ ਦੇ ਪੰਜਾਬੀ ਲੇਖਕਾਂ ਨਾਲ ਜੋ ਵਾਪਰਿਆ / ਵਾਪਰ ਰਿਹਾ / ਵਾਪਰ ਸਕਦਾ ਹੈ; ਉਸਨੂੰ ਇੱਕੋ ਨਜ਼ਰ ਨਾਲ ਵੇਖਦਿਆਂ ਦੋ ਸਿੱਟੇ ਸਪੱਸ਼ਟ ਹੁੰਦੇ ਹਨ:

- ਫਿਰਕੂ ਜਨੂੰਨ; ਨਸਲਵਾਦ; ਜ਼ੁਲਮ-ਜਬਰ ਹਾਕਮ ਜਮਾਤਾਂ ਦੇ ਹਥਿਆਰ ਹਨ ਜਿਨ੍ਹਾਂ ਨੂੰ ਉਹ ਦਿੱਲੀ, ਲਾਹੌਰ ਜਾਂ ਦੱਖਣੀ ਅਫਰੀਕਾ ਵਿੱਚ ਕਦੇ ਵੀ, ਕਿਸੇ ਵੀ ਪਰਦੇ ਹੇਠ ਵਰਤ ਸਕਦੀ ਹੈ।
- ਇਨ੍ਹਾਂ ਜ਼ੁਲਮਾਂ ਵਿਰੁੱਧ ਜੂਝਣ ਵਾਲੇ (ਭਾਵੇਂ ਕਿਤੇ ਵੀ ਵਸਣ - ਅਮਰੀਕਾ, ਅਫਰੀਕਾ ਜਾਂ ਹਿੰਦੁਸਤਾਨ ਵਿਚ -) ਹਾਕਮਾਂ ਦੀਆਂ ਅਜਿਹੀਆਂ ਚਾਲਾਂ ਤੋਂ ਆਪਣੇ ਲੋਕਾਂ ਨੂੰ, ਦੁਨੀਆਂ ਭਰ ਦੇ ਲੋਕਾਂ ਨੂੰ ਹਮੇਸ਼ਾਂ ਸੁਚੇਤ ਕਰਦੇ ਰਹਿੰਦੇ ਹਨ।

**ਇੱਕ ਸੱਚਾ ਸਾਹਿੱਤਕਾਰ ਇਉਂ ਅਜਿਹੀਆਂ ਘਟਨਾਵਾਂ ਦੇ ਆਰਪਾਰ ਵੇਖਦਾ ਹੋਇਆ, ਜਬਰ ਅਤੇ ਸਬਰ ਦੀ ਨਿਰੰਤਰ ਟੱਕਰ ਵਿਚ ਆਪਣੀ ਕਲਾਤਮਕ ਸਮਰੱਥਾ ਨਾਲ ਲੋਕਾਂ ਦਾ ਪੱਖ ਪੇਸ਼ ਕਰਦਾ ਹੋਇਆ ਆਪਣਾ ਰੋਲ ਅਦਾ ਕਰਦਾ ਹੈ।**

- ਅਦਾਰਾ ਵਤਨੋਂ ਦੂਰ

# ਚਿੱਟਾ ਨਾਗ

(ਕਾਲੇ ਕਵੀ ਬੈਂਜਾਮਿਨ ਮੋਲੋਇਸ ਦੇ ਫਾਹੇ ਚੜ੍ਹਨ ਉਪਰੰਤ)

- ਮਿੱਤਰ ਰਾਸ਼ਾ -

ਕੱਲ੍ਹ ਇੱਕ ਹੋਰ ਕਵੀ
ਫਾਹੇ ਚੜ੍ਹਿਆ ਹੈ
ਉਹਦਾ ਕਾਲਾ ਰੰਗ ਸੀ

ਚਿੱਟੇ ਦਿਨ 'ਚ ਉਹਨੂੰ
ਚਿੱਟੇ ਹੀ ਰੰਗ ਦਾ
ਨਾਗ ਲੜਿਆ ਹੈ

ਲਹੂ ਜਦ ਧਰਤ ਤੇ ਡੁੱਲ੍ਹਦਾ ਹੈ
ਝੱਖੜ ਝੁੱਲਦਾ ਹੈ
ਕੰਧਾਂ ਕੰਬਦੀਆਂ ਹਨ
ਇਨਸਾਫ਼ ਦਾ ਦਰ ਖੁੱਲ੍ਹਦਾ ਹੈ

ਪਰ !?
ਚਿੱਟੇ ਰੰਗ ਵਾਲਿਆਂ ਦਾ
ਕਾਲਾ ਇਨਸਾਫ਼
ਕੋਈ ਗੱਲ ਨਹੀਂ ਮੰਨਦਾ ਹੈ
ਕੋਈ ਗੱਲ ਨਹੀਂ ਸੁਣਦਾ ਹੈ

ਆਏ ਦਿਨ ਜ਼ੁਲਮ ਦੀ
ਤੰਦ ਕਤਦਾ ਹੈ
ਜ਼ੁਲਮ ਦਾ ਤਾਣਾ ਬੁਣਦਾ ਹੈ

ਜ਼ੁਲਮ ਦੀ ਹੱਦ ਕੋਈ
ਚਿੱਟਪੋਸ਼ੀਆਂ ਨੂੰ ਸਮਝਾਏ
ਕਾਲੇ ਰੰਗ ਵਾਲਿਆਂ
ਸਨਅਤ ਦੇ ਸੁਨਹਿਰੇ ਕਲਸ
ਆਪਣੀ ਮਿਹਨਤ ਨਾਲ ਲਿਸ਼ਕਾਏ

ਚਿੱਟੇ ਰੰਗ ਵਾਲਿਆਂ
ਖਾਤੇ ਆਪਣੇ ਚਲਦੇ ਰਖਣ ਲਈ
ਭੁਲੇਖੇ ਰੰਗਾਂ ਦੇ ਪਾਏ

ਚਿੱਟੇ ਰੰਗ ਵਾਲਿਓ
ਕਵੀ ਦੀ ਮੌਤ
ਮੁਨ ਦਏਗੀ
ਤੁਹਾਡੀਆਂ ਮੁੱਛਾਂ ਦਾ ਗਰੂਰ
ਲਾਹ ਦਏਗੀ
ਚੜ੍ਹਿਆ ਤੁਹਾਨੂੰ ਸਰੂਰ

ਖ਼ੂਨ ਦਾ ਰੰਗ ਲਾਲ ਹੁੰਦਾ ਹੈ
ਚਿੱਟਿਆਂ ਨੂੰ ਸਮਝ ਆ ਜਾਏ

ਕੱਲ੍ਹ ਇੱਕ ਹੋਰ ਕਵੀ
ਫਾਹੇ ਚੜ੍ਹਿਆ ਹੈ
ਉਹਦਾ ਕਾਲਾ ਰੰਗ ਸੀ

ਚਿੱਟੇ ਦਿਨ 'ਚ ਉਹਨੂੰ
ਚਿੱਟੇ ਹੀ ਰੰਗ ਦਾ
ਨਾਗ ਲੜਿਆ ਹੈ

ਉਹਨੂੰ ਫਾਹੇ ਚਾੜ੍ਹਕੇ
ਗੋਰਿਆਂ ਦੇ ਪੁੱਤਾਂ
ਕਾਲਾ ਕਾਰਾ ਕਰਿਆ ਹੈ

• (OTTAWA, CANADA)

# ਗੰਦਾ ਖ਼ੂਨ

- ਜਗਤਾਰ ਢਾਅ -

ਨਾੜਾਂ 'ਚ ਗੰਦਾ ਖ਼ੂਨ ਹੈ ਤਾਂ
ਫੋੜਾ ਫੁੱਟੇਗਾ ਜ਼ਰੂਰ
ਜੜ੍ਹ 'ਚ ਕੀੜਾ ਲੱਗਿਆ ਤਾਂ
ਬੂਟਾ ਸੁੱਕੇਗਾ ਜ਼ਰੂਰ।

ਫੋੜੇ ਨੂੰ ਮਸਲ ਮਸਲ ਤੁਸਾਂ
ਨਾਸੂਰ ਕਿੱਤਾ ਹੈ ਘਣਾ
ਦਵਾ ਦੀ ਹੁੰਦੀ ਨਹੀਂ
ਬਾਰੂਦ ਦੀ ਗੋਲੀ ਨਾਲ ਦੁਆ
ਰੋਗ ਸਾਰੇ ਜਿਸਮ ਦਾ
ਅੰਗ ਕੱਟ ਨਾ ਹੁੰਦਾ ਦੂਰ
ਨਾੜਾਂ 'ਚ ਗੰਦਾ ਖ਼ੂਨ ਹੈ ਤਾਂ ... ।

ਬਾਹਰੋਂ ਫਲੂਹੀ ਕੀ ਕਰੂ
ਬਾਲਣ ਹੀ ਜੇ ਤਿਆਰ ਨਹੀਂ
ਕੀ ਸਮਝੇਗੀ ਕੌਮੀ ਏਕਤਾ
ਜਿਸ ਕੌਮ ਦਾ ਹੀ ਸਤਿਕਾਰ ਨਹੀਂ
ਉਂਗਲਾਂ ਉਛਾਲਣ ਨਾਲ
ਨਾ ਗਿਰਝਾਂ ਉਡਦੀਆਂ ਹਜ਼ੂਰ
ਨਾੜਾਂ 'ਚ ਗੰਦਾ ਖ਼ੂਨ ਹੈ ਤਾਂ ... ।

ਜਦ ਤੱਕ ਜਿਉਂਦੀ ਸੱਪਣੀ
ਜੰਮਦੇ ਰਹਿਣੇ ਸਪੋਲੀਏ
ਮਦਾਰੀ ਦੀ ਪਟਾਰੀ 'ਚੋਂ
ਰਹਿਣੇ ਨਿਕਲਦੇ ਝੂਠੇ ਮੋਲੀਏ
ਮੁੱਖ ਦੁਸ਼ਮਣ ਉਹੀ ਜਿਸ ਸਿਰ ਉੱਤੇ
ਤਾਕਤ ਦਾ ਕੋਹੇਨੂਰ
ਨਾੜਾਂ 'ਚ ਗੰਦਾ ਖ਼ੂਨ ਹੈ ਤਾਂ
ਫੋੜਾ ਫੁੱਟੇਗਾ ਜ਼ਰੂਰ
ਜੜ੍ਹ 'ਚ ਕੀੜਾ ਲੱਗਿਆ ਤਾਂ
ਬੂਟਾ ਸੁੱਕੇਗਾ ਜ਼ਰੂਰ।

• (U.K.)

# ਜਨੂੰਨ

- ਅਮਨ -

ਇੱਕ ਤਲਵਾਰ ਹੈ,
ਜੋ ਕਤਲ ਕਰਨ ਵੇਲੇ ਕਮਜ਼ੋਰ ਜਾਂ ਬਲਵਾਨ ਨਹੀਂ ਦੇਖਦੀ।
ਇੱਕ ਅੱਗ ਹੈ,
ਜੋ ਜਲਾਉਣ ਵੇਲੇ ਘਰ ਜਾਂ ਦੁਕਾਨ ਨਹੀਂ ਦੇਖਦੀ।
ਇੱਕ ਸੱਪਣੀ ਹੈ,
ਜੋ ਡੱਸਣ ਵੇਲੇ ਬੱਚਾ ਜਾਂ ਜਵਾਨ ਨਹੀਂ ਦੇਖਦੀ।
ਇਨਸਾਨੀ ਦਿਮਾਗ ਦੀ ਇੱਕ ਸ਼ੈਤਾਨ ਸੋਚ ਹੈ,
ਜੋ ਇਨਸਾਨ ਨੂੰ ਇਨਸਾਨ ਨਹੀਂ ਦੇਖਦੀ।
ਅੱਖਾਂ ਅੱਗੇ ਇੱਕ ਕਾਲੀ ਐਨਕ ਹੈ,
ਜੋ ਦੁਸ਼ਮਣ ਅਤੇ ਦੋਸਤ ਦੀ ਪਹਿਚਾਨ ਨਹੀਂ ਦੇਖਦੀ।
ਇੱਕ ਹਉਮੈਂ ਹੈ,
ਜੋ ਕਿਸੇ ਦਾ ਨਫ਼ਾ ਜਾਂ ਨੁਕਸਾਨ ਨਹੀਂ ਦੇਖਦੀ।
ਇੱਕ ਹਨੇਰੀ ਹੈ
ਜੋ ਉਡਾਉਣ ਵੇਲੇ ਕਿਣਕਾ ਜਾਂ ਚਟਾਨ ਨਹੀਂ ਦੇਖਦੀ।

• (B.C., CANADA)

# ਗ਼ਜ਼ਲ

- ਨਾਜਰ ਸਿੰਘ 'ਤਰਸ' -

ਸ਼ੋਰਾ ਤਾਂ ਅੱਖ ਉਘਾੜੋ ਬੰਦਿਓ ਹੋਸ਼ ਕਰੋ ।
ਕਿਉਂ ਫੁੱਲਾਂ ਨੂੰ ਸਾੜੋ ਬੰਦਿਓ ਹੋਸ਼ ਕਰੋ ।

ਸਦਾ ਵਾਸਤੇ ਕਾਇਮ ਕੁਰਸੀ ਰਹਿਣੀ ਨਹੀਂ,
ਨਾ ਲੋਕਾਂ ਨੂੰ ਪਾੜੋ ਬੰਦਿਓ ਹੋਸ਼ ਕਰੋ ।

ਆਜ਼ਾਦੀ ਦੇ ਪੰਛੀ ਤਾਈਂ ਫਿਰ ਮੁੜਕੇ,
ਪਿੰਜਰੇ ਵਿੱਚ ਨਾ ਤਾੜੋ ਬੰਦਿਓ ਹੋਸ਼ ਕਰੋ।

ਬੰਦੇ ਤਾਈਂ ਬੰਦਾ ਬਣਿਆ ਰਹਿਣ ਦਿਓ,
ਫਿਰਕੂ ਪਾਣ ਨਾ ਚਾੜ੍ਹੋ ਬੰਦਿਓ ਹੋਸ਼ ਕਰੋ।

ਦੇਸ਼ ਮੇਰੇ ਦੀ ਵਸਦੀ ਰਸਦੀ ਬਸਤੀ ਨੂੰ,
ਦਿਨ ਦਿਨ ਕਿਉਂ ਉਜਾੜੋ ਬੰਦਿਓ ਹੋਸ਼ ਕਰੋ।

ਲਾ ਕੇ ਬੂਟੇ ਮਹਿਕਾਂ ਲੱਦੇ ਚੰਦਨ ਦੇ,
ਆਪੇ ਜੜ੍ਹੋਂ ਉਖਾੜੋ ਬੰਦਿਓ ਹੋਸ਼ ਕਰੋ।

'ਤਰਸ' ਆਪਣੇ ਹੱਥੀਂ ਆਪਣੇ ਪੈਰਾਂ ਤੇ,
(ਨਾ) ਤੇਜ਼ ਕੁਹਾੜੇ ਮਾਰੋ ਬੰਦਿਓ ਹੋਸ਼ ਕਰੋ।

• (PUNJAB, INDIA)

ਮੂਲ ਲੇਖਕ:
ਨਾਵਲਕਾਰ ਸੋਹਣ ਸਿੰਘ ਸੀਤਲ

# ਤੂਤਾਂ ਵਾਲਾ ਖੂਹ

ਨਾਟਕੀ ਰੂਪ:
ਨਾਟਕਕਾਰ ਗੁਰਸ਼ਰਨ ਸਿੰਘ

---

- ਇਹ ਨਾਟਕ ਇਸ ਵਰ੍ਹੇ ਜੂਨ ਜੁਲਾਈ ਵਿੱਚ ਨਾਟਕਕਾਰ ਗੁਰਸ਼ਰਨ ਸਿੰਘ ਦੀ ਕੈਨੇਡਾ ਫੇਰੀ ਸਮੇਂ ਵੈਨਕੂਵਰ ਸੱਥ ਵੱਲੋਂ ਇਪਾਨਾ ਦੇ ਇੱਕ ਪ੍ਰੋਗਰਾਮ ਵਿੱਚ ਖੇਡਿਆ ਗਿਆ। ਭਾਗ ਲੈਣ ਵਾਲੇ ਕਲਾਕਾਰ ਸਨ : ਮੱਖਣ ਟੁੱਟ, ਸੁਖਵੰਤ ਹੁੰਦਲ, ਅਮਨਪਾਲ ਸਾਰਾ, ਭਵਖੰਡਨ, ਸਾਧੂ ਤੇ ਜਗਦੀਸ਼ ਬਿਨਿੰਗ। ਦੂਜੀ ਵਾਰ ਇਹ ਨਾਟਕ ਇੰਨ੍ਹਾਂ ਕਲਾਕਾਰਾਂ ਵੱਲੋਂ ਟੀ.ਵੀ. ਉੱਤੇ ਦਿਖਾਏ ਜਾਣ ਲਈ ਟੇਪ ਕੀਤਾ ਗਿਆ - 23 ਜਨਵਰੀ 1986 ਨੂੰ ਵੈਨਕੂਵਰ ਅਤੇ ਫੇਰ ਸ਼ਾਇਦ ਕੈਲਗਰੀ ਦੀ ਟੀ.ਵੀ.'ਤੇ ਵਿਖਾਇਆ ਜਾਵੇ।
- ਗੁਰਸ਼ਰਨ ਸਿੰਘ ਦੇ ਐਡਮਿੰਟਨ ਆਉਣ ਉੱਤੇ ਇਹ ਨਾਟਕ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਐਡਮਿੰਟਨ ਵੱਲੋਂ ਇਹ ਨਾਟਕ, ਐਸੋਸੀਏਸ਼ਨ ਦੇ ਸੱਭਿਆਚਾਰਕ ਪ੍ਰੋਗਰਾਮ ਵਿੱਚ ਪੇਸ਼ ਕੀਤਾ ਗਿਆ। ਕਲਾਕਾਰ ਸਨ : ਗੁਰਸ਼ਰਨ ਸਿੰਘ, ਰਾਮਿੰਦਰ ਸੰਧੂ, ਪ੍ਰੇਮ ਤਿਵਾੜੀ, ਲਾਟ ਭਿੰਡਰ, ਰਜਿੰਦਰ ਹੰਸ ਅਤੇ ਰਾਣੀ ਹੰਸਰਾ। ਪੰਜਾਬੀ ਲਿਟਰੇਰੀ ਐਸੋਸੀਏਸ਼ਨ ਨੇ ਦੂਜੀ ਵਾਰ ਏਹ ਨਾਟਕ ਲੋਕ ਸੱਭਿਆਚਾਰਕ ਮੰਚ ਕੈਲਗਰੀ ਦੇ ਨਵੰਬਰ 85 ਦੇ ਪ੍ਰੋਗਰਾਮ ਵਿੱਚ ਪੇਸ਼ ਕੀਤਾ - ਇਸ ਦੂਜੀ ਪੇਸ਼ਕਾਰੀ ਵਿੱਚ ਗੁਰਸ਼ਰਨ ਸਿੰਘ ਵਾਲਾ ਰੋਲ (ਬਾਬਾ) ਜਗਦੇਵ ਸੋਗੀ ਨੇ ਨਿਭਾਇਆ।

---

ਪਾਤਰ: ਅਮਲੀ ਆਲਾ ਸਿੰਘ, ਮੱਜਣ ਸਿੰਘ, ਇਲਮਦੀਨ, ਸੇਠ ਧੰਨੇਸ਼ਾਹ, ਸ਼ਾਹਣੀ ਅਤੇ ਬਾਬਾ।

ਸਥਾਨ: ਪਿੰਡ ਪੀਰੂਵਾਲ, ਤਹਿਸੀਲ ਕਸੂਰ।

ਪਿੱਛੋਂ ਆਵਾਜ਼: ਤੂਤ ਸਾਡੇ ਪੇਂਡੂ ਸੱਭਿਆਚਾਰ ਵਿਚ ਠੰਢੀਆਂ ਛਾਵਾਂ ਦਾ ਪ੍ਰਤੀਕ ਹੈ। ਠੰਢੀਆਂ ਛਾਵਾਂ ਉਸ ਵੇਲੇ ਹੀ ਹੁੰਦੀਆਂ ਹਨ, ਜਦੋਂ ਭਾਈ ਭਾਈ ਇਕੱਠੇ ਬੈਠਦੇ ਹਨ। ਤੱਤੀਆਂ ਹਵਾਵਾਂ ਉਸ ਵੇਲੇ ਚੱਲਦੀਆਂ ਹਨ, ਜਦੋਂ ਭਾਈ ਭਾਈ ਵਿਚ ਨਫ਼ਰਤ ਫੈਲੇ। ਇਹ ਕਹਾਣੀ ਇਹਨਾਂ ਠੰਢੀਆਂ ਤੇ ਤੱਤੀਆਂ ਹਵਾਵਾਂ ਦੀ ਹੈ।

(ਮੰਚ 'ਤੇ ਇਕ ਤਖ਼ਤਪੋਸ਼ ਹੈ। ਅਮਲੀ ਆਲਾ ਸਿੰਘ ਇੱਧਰ ਉੱਧਰ ਦੇਖਦਾ ਮੰਚ 'ਤੇ ਦਾਖਲ ਹੁੰਦਾ ਹੈ ਤੇ ਫੇਰ ਹੌਲੀ ਹੌਲੀ ਤੁਰਦਾ ਹੋਇਆ ਤਖ਼ਤਪੋਸ਼ 'ਤੇ ਬੈਠ ਜਾਂਦਾ ਹੈ)

ਅਮਲੀ : (ਖੀਸੇ ਵਿੱਚੋਂ ਡੱਬੀ ਕੱਢ ਕੇ ਨਸਵਾਰ ਚੜ੍ਹਾਉਂਦਾ ਹੈ, ਇਕ ਛਿੱਕ ਮਾਰਦਾ ਹੈ ਤੇ ਫੇਰ ਆਪਣੇ ਆਪ ਨਾਲ ਗੱਲਾਂ ਕਰਦਾ ਹੈ:) ਨਾ ਅੱਜ ਇਲਮਾ ਆਇਆ ਏ ਤੇ ਨਾ ਹੀ ਮੱਜਣ ਸਿਉਂ ... ਬਹਿ ਗਏ ਹੋਣੇ ਨੇ ਰੰਨਾਂ ਦੇ ਮੁੱਢ।

ਇਲਮਦੀਨ : (ਇਕ ਪਾਸੇ ਤੋਂ ਆਉਂਦੇ ਹੋਏ) ਬੈਠਾ ਏਂ ਅਮਲੀਆ?

ਅਮਲੀ : ਨਾ ਹੋਰ ਤੈਨੂੰ ਖਲੋਤਾ ਦਿਸਨਾਂ ਹਾਂ ... ਅਖੇ ਬੈਠਾ ਏਂ ਅਮਲੀਆ ...।

ਇਲਮਦੀਨ: ਬੜਾ ਔਖਾ ਬੋਲਦੈਂ ਅਮਲੀਆ?

ਮੱਜਣ ਸਿੰਘ: (ਦੂਜੇ ਪਾਸੇ ਤੋਂ ਆਉਂਦੇ ਹੋਏ) ਕੌਣ ਔਖਾ ਬੋਲਦੈ, ਇਲਮਿਆਂ?

ਇਲਮਦੀਨ: ਇਹੀ ਆਪਣਾ ਭਾਊ ਆਲਾ ਸਿਉਂ।

ਅਮਲੀ : ਔਖਾ ਨਾ ਹੋਵਾਂ, ਰਾਹ ਤੱਕਦਿਆਂ ਅੱਖਾਂ ਥੱਕ ਗਈਆਂ।

ਮੱਜਣ ਸਿੰਘ: ਹਲਾ, ਹੁਣ ਇਹ ਦੱਸ, ਤਾਸ਼ ਹੈਗੀ ਆ?

ਅਮਲੀ : ਲੈ, ਸਾਡੇ ਕੋਲ ਤਾਸ਼ ਨਹੀਂ ਹੋਏਗੀ ਤਾਂ ਹੋਰ ਕੀ ਹੋਵੇਗਾ? (ਖੀਸੇ ਵਿੱਚੋਂ ਤਾਸ਼ ਕੱਢਦਾ ਹੈ)

ਇਲਮਦੀਨ: ਫੇਰ ਵੰਡ ਹੁਣ।

ਅਮਲੀ : ਤੂੰ ਵੰਡ, ਮੈਂ ਕਿਉਂ ਵੰਡਾਂ।

ਇਲਮਦੀਨ: ਅੱਛਾ ਮੈਂ ਵੰਡ ਦੇਨੈਂ (ਤਾਸ਼ ਫੈਂਟਦਾ ਹੈ)

ਅਮਲੀ : ਢੇਰੀਆਂ ਬਣਾ ਦੇ, ਕੀ ਤਿੱਪ ਤਿੱਪ ਲਾਈ ਐ?

(ਇਲਮਦੀਨ ਢੇਰੀਆਂ ਬਣਾਉਂਦਾ ਹੈ। ਅਮਲੀ ਸਾਰਿਆਂ ਨਾਲੋਂ ਵੱਡੀ ਢੇਰੀ ਚੁੱਕਦਾ ਹੈ। ਤਿੰਨੇ ਤਾਸ਼ ਖੇਡਦੇ ਹਨ। ਅਮਲੀ ਮੋਢਿਆਂ ਦੇ ਉਪਰ ਦੀ ਪੱਤੇ ਵੇਖਣ ਦੀ ਕੋਸ਼ਿਸ਼ ਕਰਦਾ ਹੈ)

ਇਲਮਦੀਨ: ਓਏ ਅਮਲੀਆ, ਰੌਂਦ ਨਾ ਮਾਰ, ਸੁੱਟ ਆਪਣਾ ਗੋਲਾ।

ਅਮਲੀ : ਲੈ, ਮੈਂ ਨਹੀਂ ਸੁੱਟਦਾ ਗੋਲਾ ... ਤੇਰੀ ਬੇਗ਼ਮ ਖਾ ਜਾਊ।

ਮੱਜਣ : ਨਾ ਫੇਰ ਸਾਂਭ ਕੇ ਕੀ ਕਰੇਂਗਾ?

ਅਮਲੀ : ਉਦੋਂ ਸੁੱਟੂ ਜਦੋਂ ਤੁਹਾਡਾ ਰੰਗ ਮੁੱਕ ਗਿਆ ...

ਮੱਜਣ : ਬਈ ਅਮਲੀ ਹੈ ਬੜਾ ਸਿਆਣਾ।

ਇਲਮਦੀਨ: ਤਾਂਹੀਓਂ ਜਿਸਦਾ ਗਾਹੀ ਬਣਦਾ ਏ, ਉਸ 'ਤੇ ਕੋਟ ਤੇ ਕੋਟ ਹੀ ਕਰਾਈ ਜਾਂਦੈ। ਦੱਸ ਅਮਲੀਆ ਕੱਲ੍ਹ ਕਿੰਨੇ ਕੋਟ ਹੋਏ ਸਨ?

ਅਮਲੀ : ਜਿੰਨੇ ਮਰਜ਼ੀ ਹੋਣ, ਤੂੰ ਭੁੱਲ ਗਿਆ ਜਦੋਂ ਤੈਨੂੰ ਮੈਂ ਕੋਟਾਂ ਵਰਗਾ ਇਕ ਕੋਟ ਦਿੱਤਾ ਸੀ — ਗੂੰਹ ਕੋਟ।

ਮੱਜਣ : ਹਲਾ, ਹਲਾ, ਗੱਲਾਂ ਨਾ ਬਣਾ। ਪੱਤਾ ਸੁੱਟ।

ਅਮਲੀ : (ਟਾਲਦੇ ਹੋਏ) ਸੁੱਟਦੇ ਆਂ, ਸੁੱਟਦੇ ਆਂ। ਪਹਿਲਾਂ ਸੁਰਤ ਤਾਂ ਟਿਕਾਣੇ ਕਰ ਲਈਏ। (ਖੀਸੇ ਵਿਚੋਂ ਡੱਬੀ ਕੱਢ ਕੇ ਨਸਵਾਰ ਚੜ੍ਹਾਉਣ ਲੱਗ ਪੈਂਦਾ ਹੈ)

ਇਲਮਦੀਨ : (ਥੋੜੀ ਜਿਹੀ ਉਡੀਕ ਦੇ ਬਾਅਦ ਖਿਝ ਕੇ ਤਾਸ਼ ਹੇਠਾਂ ਸੁੱਟ ਦਿੰਦਾ ਹੈ) ਅਸੀਂ ਨਹੀਂ ਖੇਡਦੇ, ਇਹਦੀ ਘੰਟਾ ਘੰਟਾ ਸੁਰਤ ਹੀ ਨਹੀਂ ਟਿਕਾਣੇ ਹੁੰਦੀ।

ਅਮਲੀ : ਕਿਉਂ ਸੱਜਣਾ, ਨਹੀਂ ਖੇਡਦੇ?

ਸੱਜਣ : (ਤਾਸ਼ ਸੁੱਟਦੇ ਹੋਏ) ਨਹੀਂ ਖੇਡਦੇ।

ਅਮਲੀ : ਨਹੀਂ ਖੇਡਦੇ ਤੇ ਨਾ ਖੇਡੋ। ਸਾਡੇ ਕੋਲ ਔਤਕਾਂ ਕਿਹੜਾ ਪੱਤੇ ਆਏ ਸੀ?

(ਸ਼ਾਹ ਵਹੀ ਚੁੱਕੀ ਬਾਹਰੋਂ ਰੌਲਾ ਪਾਉਂਦਾ ਆਉਂਦਾ ਹੈ - ਗਰਮੀ ਨਾਲ ਹਫਿਆ ਹੋਇਆ)

ਸ਼ਾਹ : ਓਏ ਸੱਜਣ ਸਿਆਂ, ਓਏ ਇਲਮਦੀਨਾਂ, ਓਏ ਭਰਾਵੋ ਪਾਣੀ ਪਿਆਉ। (ਸ਼ਾਹ ਆ ਕੇ ਤਖ਼ਤਪੋਸ਼ 'ਤੇ ਬੈਠ ਜਾਂਦਾ ਹੈ, ਸੱਜਣ ਸਿੰਘ ਉਠ ਕੇ ਪਾਣੀ ਲੈਣ ਜਾਂਦਾ ਹੈ)

ਇਲਮਦੀਨ : ਨਾ ਸ਼ਾਹ, ਕੀ ਗੱਲ ਏ, ਬਿਲਕੁਲ ਹੀ ਭੁੱਜੇ ਲੱਥਾ ਹੋਇਆ ਏਂ?

ਸ਼ਾਹ : ਦੱਸਨਾ ਹਾਂ, ਦੱਸਨਾ ਹਾਂ... ਪਹਿਲੇ ਘੁੱਟ ਪਾਣੀ ਪੀ ਲਵਾਂ।

ਅਮਲੀ : ਨਾ ਗੱਲ ਤਾਂ ਦੱਸ - ਐਵੇਂ ਸੂਈ ਕੁੱਤੀ ਆਗੂੰ ਹਫੀ ਹੀ ਜਾਨਾ ਏਂ?

(ਸੱਜਣ ਪਾਣੀ ਲਿਆਉਂਦਾ ਹੈ। ਸ਼ਾਹ ਹਾਬੜਿਆਂ ਵਾਂਗ ਪਾਣੀ ਪੀ ਜਾਂਦਾ ਹੈ)

ਅਮਲੀ : ਓਏ ਸੱਜਣ ਸਿਆਂ, ਸ਼ਾਹ ਦਾ ਛੰਨੇ ਨਾਲ ਨਹੀਂ ਬਣਨਾ ਕੁਝ - ਇਹਨੂੰ ਬਾਲਟੀ ਨਾਲ ਡਾਹੋ।

ਸ਼ਾਹ : ਅਮਲੀਆ, ਕਰ ਲੈ ਤੂੰ ਟਿਚਕਰਾਂ। ਸਾਡੀ ਤਾਂ ਇਹ ਗੱਲ ਏ - ਲੱਖ ਲਾਅਨਤ, ਤਮਾ ਖਰਾਬ - ਪਾਪੀ ਨੇ ਬਣਾਇਆ ਬੜਾ ਸਵਾਦ ਸੀ। ਲੱਖਾ ਸਿਉਂ ਦੇ ਘਰ ਗਿਆ ਸਾਂ, ਉਹਨੇ ਕੁੱਕੜ ਨੂੰ ਤੜਕਾ ਲਾ ਦਿੱਤਾ।

ਸੱਜਣ : ਹਲਾ, ਤਾਂ ਸ਼ਾਹ ਫਿਰ ਕੁੱਕੜ ਖਾ ਕੇ ਆਇਆ ਏ।

ਅਮਲੀ : ਅਗਲਿਆਂ ਨੇ ਭਾਵੇਂ ਕਾਂ ਹੀ ਖਵਾ ਦਿੱਤਾ ਹੋਵੇ - ਲੱਭਦੈ ਕੁੱਕੜ।

ਸ਼ਾਹ : ਓਏ ਕੁੱਝ ਵੀ ਹੋਵੇ ਸਰਦਾਰੋ, ਖਾਣਾ ਪੀਣਾ ਵੀ ਤੁਸੀਂ ਹੀ ਜਾਣਦੇ ਹੋ। ਆਪਣੇ ਘਰ ਤਾਂ ਸੱਤ ਦਿਨ ਚੋਦਾਂ ਡੰਗ ਮੂੰਗੀ ਦੀ ਦਾਲ...

ਅਮਲੀ : ਤੇ ਉਹ ਵੀ ਤੜਕਿਉਂ ਬਗੈਰ।

ਸ਼ਾਹ : ਥੋਮ ਗੰਢਾ ਘਰ ਆਇਆ ਨਹੀਂ ਤੇ ਧਰਮ ਭਰਿਸ਼ਟ!

ਅਮਲੀ : ਅੱਗੇ ਬੜਾ ਧਰਮ ਸਾਂਭ ਕੇ ਰੱਖਿਐ - ਵੱਡਾ ਧਰਮਰਾਜ ਦਾ ਪੁੱਤਰ।

ਸ਼ਾਹ : ਹਲਾ, ਮੈਂ ਨਹਾ ਕੇ ਥੋੜਾ ਠੰਡਾ ਹੋ ਆਵਾਂ।

ਸੱਜਣ : ਹੋ ਜਾਹ ਫੇਰ ਸ਼ਾਹ ਧਾਰ ਦੇ ਥੱਲੇ। ਕੱਪੜੇ ਲਾਹ ਲਵੇਂਗਾ ਕਿ ਮੈਂ ਲਾਹ ਦੇਵਾਂ?

ਅਮਲੀ : ਓਏ ਸ਼ਾਹ ਵਰਗੇ ਅਗਲਿਆਂ ਦੇ ਲਾਹ ਲੈਂਦੇ ਐ, ਇਹਦੇ ਕੋਲੋਂ ਆਪਣੇ ਨਹੀਂ ਲਹਿਣਗੇ?

ਸ਼ਾਹ : (ਉੱਠਦੇ ਹੋਏ) ਓਏ ਮੈਂ ਕੀਹਦੇ ਲਾਹੇ ਨੇ? ਕਿਉਂ ਸੱਜਣ ਸਿਆਂ ਮੈਂ ਤੇਰੇ ਕਿਹੜੇ ਕੱਪੜੇ ਲਾਹ ਲਏ ਨੇ?

ਅਮਲੀ : ਇਹਨੇ ਲੁਹਾਏ ਨਹੀਂ ਹੋਣੇ, ਨਹੀਂ ਤਾਂ ਤੇਰੇ ਵੱਲੋਂ ਤਾਂ ਕੋਈ ਕਸਰ ਨਹੀਂ ਹੋਣੀ।

(ਸ਼ਾਹ ਬੁੜ ਬੁੜ ਕਰਦਾ ਚਲਾ ਜਾਂਦਾ ਹੈ ਤੇ ਆਪਣੀ ਜੁੱਤੀ ਇਕ ਪਾਸੇ ਲਾਹ ਦਿੰਦਾ ਹੈ)

ਇਲਮਦੀਨ : ਨਾ ਅਮਲੀਆ, ਤੇਰਾ ਸ਼ਾਹ ਨੇ ਕੀ ਲਾਹ ਲਿਆ?

ਅਮਲੀ : ਨਾ ਸਾਡੇ ਕੋਲ ਹੈ ਕੀ ਜੁ ਸ਼ਾਹ ਲਾਹ ਲਵੇਗਾ? ਇਹ ਤੇੜ ਚਾਦਰ ਐ, ਜਿਹੜਾ ਲਾਹੂ ਆਪੇ ਸ਼ਰਮ ਨਾਲ ਮਰੂ, ਅਸੀਂ ਕਿਹੜਾ ਰੋਕ ਦੇਣੈਂ।

ਇਲਮਦੀਨ : ਓਏ ਸ਼ਰਮ ਕਰ, ਕਿਹੋ ਜਿਹੀਆਂ ਗੱਲਾਂ ਕਰਨੈਂ?

ਅਮਲੀ : ਨਾ ਮੈਂ ਕਿਉਂ ਸ਼ਰਮ ਕਰਾਂ, ਜੇ ਲਾਹੁਣ ਵਾਲਿਆਂ ਨੂੰ ਨਹੀਂ। ਸਾਲਿਆਂ ਨੰਗ ਕਰ ਦਿੱਤੈ ਇਹਨਾਂ ਲੋਕਾਂ ਨੂੰ - ਛਿੱਲ ਲਾਹ ਲਾਹ ਕੇ। ਪਰ ਉਪਰ ਵਾਲਾ ਸਭ ਕੁਛ ਪਿਆ ਵੇਖਦੈ - ਇਹਨਾਂ ਪਾਣੀ ਦੀ ਬੂੰਦ ਬੂੰਦ ਨੂੰ ਤਰਸਦਿਆਂ ਮਰ ਜਾਣੈਂ, ਜਿਸ ਤਰ੍ਹਾਂ ਹੁਣੇ ਸ਼ਾਹ ਮਰਨ ਲੱਗਾ ਸੀ।

ਇਲਮਦੀਨ : ਆਹੋ ਸੱਜਣਾ, ਜੇਕਰ ਤੂੰ ਪਾਣੀ ਲਿਆ ਕੇ ਨਾ ਦੇਂਦੋਂ ਤਾਂ ਸ਼ਾਹ ਤਾਂ ਚੱਲਿਆ ਸੀ ਸਿੱਧਾ ਧਰਮਰਾਜ ਦੀ ਕਚਹਿਰੀ।

ਅਮਲੀ : ਓਏ ਸ਼ਾਹ ਵਰਗੇ ਅਗਲਿਆਂ ਨੂੰ ਪਹੁੰਚਾ ਆਉਂਦੇ ਨੇ ਧਰਮਰਾਜ ਕੋਲ; ਆਪ ਮਾਂ ਵਾਲੀਆਂ ਦਲ੍ਹੀਜ਼ਾਂ 'ਚੋਂ ਹੀ ਵਾਪਸ ਮੁੜ ਆਉਂਦੇ ਨੇ।

ਸ਼ਾਹ : (ਆਉਂਦੇ ਹੋਏ) ਓਏ ਕੀਹਦੀ ਮਾਂ ਦੀਆਂ ਦਲ੍ਹੀਜ਼ਾਂ?

ਅਮਲੀ : (ਹੌਲੇ ਜਿਹੇ) ਤੇਰੀ ਮਾਂ ਦੀਆਂ; ਹੋਰ ਕੀਹਦੀ ਦੀਆਂ?

(ਸ਼ਾਹ ਪਰਨੇ ਨਾਲ ਮੂੰਹ ਪੂੰਝਦਾ 'ਰਾਮ ਰਾਮ' ਕਰਦਾ ਹੋਇਆ ਵਾਪਸ ਤਖ਼ਤਪੋਸ਼ ਤੇ ਆ ਬੈਠਦਾ ਹੈ)

ਸ਼ਾਹ : (ਅਮਲੀ ਨੂੰ) ਲੈ ਅਮਲੀਆ, ਜ਼ਰਾ ਜੁੱਤੀ ਤਾਂ ਫੜਾਈਂ।

ਅਮਲੀ : (ਉਠਦੇ ਹੋਏ ਜੁੱਤੀ ਬੜੇ ਅੰਦਾਜ਼ ਨਾਲ ਚੁੱਕਦਾ ਹੈ ਤੇ ਸ਼ਾਹ ਨੂੰ ਫੜਾਉਂਦਾ ਹੈ) ਲੈ ਸ਼ਾਹ ਆਪਣੀ ਬਾਟਾ ਸ਼ੂ ਕੰਪਨੀ ਦੀ ਜੁੱਤੀ।

ਸੱਜਣ : ਓਏ ਅਮਲੀਆ ਚਲਣੀ ਜੁੱਤੀ ਕਹਿ।

ਸ਼ਾਹ : ਲੈ ਸਰਦਾਰੋ ਚਲਣੀਆਂ ਜੁੱਤੀਆਂ ਤਾਂ ਤੁਹਾਨੂੰ ਸੋਂਹਦੀਆਂ - ਸਾਡੇ ਨਸੀਬਾਂ ਵਿਚ ਖਾਣਾ ਹੰਢਾਣਾ ਕਿਥੇ!

ਅਮਲੀ : ਆਹੋ, ਖਾਂਦੇ ਪੀਂਦੇ ਤਾਂਹੀਉਂ ਤਾਂ ਇਹਦੀਆਂ ਅੱਖਾਂ 'ਚ ਚੁੱਭਦੇ ਨੇ।

ਇਲਮਦੀਨ : ਬਈ ਅਮਲੀ ਤਾਂ ਅੱਜ ਗਿੱਟਿਆਂ 'ਤੇ ਲਗਾਉਂਦਾ ਏ।

ਸ਼ਾਹ : ਲਗਾ ਲਵੇ ਬਈ ਲਗਾ ਲਵੇ। ਮੈਂ ਇਹਦੀ ਤੀਵੀਂ ਦੀਆਂ ਟੂੰਮਾਂ ਜੁ ਲਾਹ ਲਈਆਂ ਨੇ।

ਅਮਲੀ : ਤੀਵੀਂ ਕੀਹਦੀ ਸ਼ਾਹ? ਤੀਵੀਂ ਤਾਂ ਸਾਡੇ ਪਿਉ ਦੀ ਨਹੀਂ ਸੀ। ਛੜੇ ਆਏ ਤੇ ਛੜੇ ਚਲੇ ਜਾਣਾ। ਏਸੇ ਲਈ ਤੇਰੇ ਥੱਲੇ ਨਹੀਂ

ਲੱਗਦੇ। ਬਈ ਇਲਮਦੀਨ ਵਰਗੇ ਪਏ ਤੇਰੇ ਦਰਾਂ 'ਤੇ ਗੋਡੇ ਲਾਉਣ।

ਇਲਮਦੀਨ : ਤੂੰ ਅਮਲੀਆ ਆਪਣੀ ਗੱਲ ਕਰ - ਮੈਨੂੰ ਕਿਉਂ ਵਿੱਚ ਲਿਆਉਂਦਾ ਏਂ ?

ਸ਼ਾਹ : ਲਿਆਵੇ ਕਿਉਂ ਨਾ - ਅਮਲੀ ਨੂੰ ਇਕ ਨਸੀਬ ਨਹੀਂ ਹੋਈ ਤੇ ਤੂੰ ਦੋ ਦੋ ਸਾਂਭੀ ਫਿਰਦਾ ਏਂ।

ਅਮਲੀ : ਆਹੋ ਸਾਂਭੀ ਫਿਰਦਾ ਏ - ਉਹ ਵੀ ਇਹਦੇ ਵਾਲਾਂ ਨੂੰ ਆਉਂਦੀਆਂ ਨੇ; ਨਹੀਂ ਇਤਬਾਰ ਤਾਂ ਇਹਦੀ ਪੱਗ ਲੁਹਾ ਕੇ ਵੇਖ ਲਵੇ - ਬਚਿਆ ਕੋਈ ਵਾਲ ?

ਇਲਮਦੀਨ : ਉਏ ਤੂੰ ਆਪਣੇ ਸਾਂਭ ਕੇ ਰੱਖ।

ਅਮਲੀ : ਆਪਣਾ ਕੋਈ ਉਗਿਆ ਹੀ ਨਹੀਂ ਤਾਂ ਸਾਂਭੀਏ ਕੀ ? ਸਾਡੀ ਤਾਂ ਉਹ ਗੱਲ ਏ : "ਕਾਹਨੂੰ ਦੇਨੀ ਏਂ ਚੰਦਰੀਏ ਗਾਲਾਂ, ਛੜੇ ਦਾ ਕਿਹੜਾ ਪੁੱਤ ਮਰਜੂ" ਬਾਕੀ ਇਲਮਦੀਨ ਦੀਆਂ ਦੋਵੇਂ ਜਿਹੜੀਆਂ ਜਿਦ-ਬਜਿਦੀ ਕਤੂੜ ਜੰਮੀ ਜਾਂਦੀਆਂ ਨੇ ਵੰਡੀ ਹੋ ਲੈਣ ਦੇ, ਫੇਰ ਇਲਮਦੀਨ ਨੇ ਤੇਰੇ ਦਰ 'ਤੇ ਨੱਕ ਨਾ ਰਗੜਿਆ ਤਾਂ ਤੂੰ ਮੈਨੂੰ ਆਖੀਂ।

ਸ਼ਾਹ : ਉਏ ਅਮਲੀਆ, ਜੇਕਰ ਇਲਮਦੀਨ ਨੂੰ ਕੋਈ ਲੋੜ ਆ ਪਈ ਤਾਂ ਅਸੀਂ ਨਾਂਹ ਥੋੜੀ ਕਰਨੀ ਏ ?

ਅਮਲੀ : ਆਹੋ ਛਿੱਲ ਲਾਹੁਣ ਨੂੰ ਹਮੇਸ਼ਾ ਤਿਆਰ।

ਸ਼ਾਹ : ਉਏ ਅਮਲੀਆ, ਸਾਰੀਆਂ ਉਂਗਲਾਂ ਬਰਾਬਰ ਨਹੀਂ ਹੁੰਦੀਆਂ। ਤੂੰ ਸਾਡੇ ਨਾਲ ਵਰਤ ਕੇ ਤਾਂ ਵੇਖ।

ਮੱਜਣ : ਆਹੋ ਅਮਲੀਆ, ਇਕ ਵਾਰੀ ਸ਼ਾਹ ਨਾਲ ਵਰਤ ਕੇ ਤਾਂ ਵੇਖ।

ਅਮਲੀ : ਵਰਤ ਲਵਾਂਗੇ ਬਈ ਵਰਤ ਲਵਾਂਗੇ - ਜਦੋਂ ਸਾਹ ਤੋਂ ਟੁੱਟੇ। ਇਕ ਕੋਠਾ ਏ, ਕਰ ਦਿਆਂਗੇ ਸ਼ਾਹ ਦੇ ਹਵਾਲੇ - ਲੈ ਸ਼ਾਹ ਤੂੰ ਕਰ ਲੈ ਲੱਤਾਂ ਮੋਕਲੀਆਂ - ਅਸੀਂ ਨੀਲੇ ਅਸਮਾਨ ਥੱਲੇ ਜੀ ਲਵਾਂਗੇ।

ਸ਼ਾਹ : (ਉਹਦੀ ਗੱਲ ਵੱਲ ਧਿਆਨ ਦਿੱਤੇ ਬਗ਼ੈਰ) ਲੈ ਬਈ ਮੱਜਣ ਸਿਆਂ ਤੇ ਇਲਮਦੀਨਾਂ, ਤੁਹਾਡਾ ਇਹ ਖੂਹ ਹੈ ਸਵਰਗ ਦਾ ਝੂਟਾ।

ਬਾਬਾ : (ਆਉਂਦੇ ਹੋਏ) ਉਏ ਸ਼ਾਹ, ਇਸ ਸਵਰਗ ਨੂੰ ਕਿਤੇ ਨਰਕ ਨਾ ਬਣਾ ਦੇਈਂ।

(ਸਾਰੇ ਉਠਦੇ ਹਨ)

ਮੱਜਣ : ਵਾਹਿਗੁਰੂ ਜੀ ਕੀ ਫਤਹਿ ਬਾਬਾ ਜੀ।

ਬਾਬਾ : ਵਾਹਿਗੁਰੂ ਜੀ ਕੀ ਫਤਹਿ।

ਇਲਮਦੀਨ : ਪੈਰੀਂ ਪੈਂਦਾ ਹਾਂ ਬਾਬਾ ਜੀ

ਬਾਬਾ : ਜੀਂਦਾ ਰਹੁ।

ਅਮਲੀ : ਸਾਡੀ ਵੀ ਫਤਹਿ ਹੋਵੇ ਬਾਬਾ ਜੀ

ਬਾਬਾ : ਫਤਹਿ ਬਈ ਆਲਾ ਸਿਆਂ ਫਤਹਿ।

ਸ਼ਾਹ : ਰਾਮ ਰਾਮ ਬਾਬਾ ਜੀ, ਇਹ ਗੱਲ ਤੁਸੀਂ ਕੀ ਕਹਿ ਦਿੱਤੀ?

ਬਾਬਾ : ਉਏ ਸ਼ਾਹ, ਕੁੱਝ ਨਜ਼ਰਾਂ ਹੀ ਐਸੀਆਂ ਹੁੰਦੀਆਂ ਨੇ ਜੋ ਹਰਿਆਂ ਨੂੰ ਪੀਲਿਆਂ ਕਰ ਦਿੰਦੀਆਂ ਨੇ। ਇਸੇ ਕਰਕੇ ਕਿਹਾ ਏ ਇਸ ਖੂਹ ਵੱਲ ਨਜ਼ਰ ਸਵੱਲੀ ਰੱਖੀਂ।

ਸ਼ਾਹ : (ਵਹੀ ਸਾਂਭਦੇ ਹੋਏ) ਅੱਛਾ ਬਈ ਮੱਜਣ ਸਿਆਂ, ਇਲਮਦੀਨਾਂ; ਤੁਸੀਂ ਪਾਣੀ ਪਿਆ ਕੇ ਬਚਾ ਲਿਆ। ਤੁਹਾਨੂੰ ਕੋਈ ਮੇਰੇ ਜੋਗਰਾ ਕੰਮ ਹੋਇਆ ਤਾਂ ਦੱਸਣੋਂ ਸੰਕੋਚ ਨਾ ਕਰਨਾ। ਮੈਂ ਨਹੀਂ ਮੋਢਾ ਮੋੜਨ ਵਾਲਾ।

ਅਮਲੀ : (ਜਾਂਦੇ ਹੋਏ ਦੇ ਪਿੱਛੇ ਲੱਗਕੇ) ਆਹੋ ਇਹ ਨਹੀਂ ਮੋਢਾ ਮੋੜਨ ਵਾਲਾ; ਤੁਹਾਨੂੰ ਮੋਢਾ ਦੇ ਕੇ ਤੋੜ ਪੁਚਾ ਆਊ।

ਬਾਬਾ : ਠੀਕ ਹੀ ਆਖਦੈ ਆਲਾ ਸਿੰਘ - ਸ਼ਾਹ ਦੇ ਪੋਤੜਿਆਂ ਨੂੰ ਪਛਾਣਦਾ ਏ। ਹੁਣ ਉਹ ਆਖਦਾ ਸੀ ਇਹ ਤੂਤਾਂ ਵਾਲਾ ਖੂਹ ਸਵਰਗ ਏ। ਹੁਣ ਸ਼ਾਹ ਨੂੰ ਕੀ ਪਤਾ ਇਹ ਸਵਰਗ ਉਸਾਰਨ ਲਈ ਮੱਜਣ ਦੇ ਬਾਪੂ ਚੰਦਾ ਸਿੰਘ ਤੇ ਇਲਮਦੀਨ ਦੇ ਅੱਬਾ ਸਿਰਾਜ਼ਦੀਨ ਨੂੰ ਕੀ ਕੀ ਜਫ਼ਰ ਜਾਲਣੇ ਪਏ। ਦੋਵੇਂ ਭਰਾਵਾਂ ਤੋਂ ਵੱਧ ਦੋਸਤ ਸਨ। ਸਾਰੀ ਉਮਰ ਉਹਨਾਂ ਨੇ ਪੱਕੀ ਦੋਸਤੀ ਨਿਭਾਈ।

ਅਮਲੀ : ਨਿਭਾਈ, ਬਾਬਾ ਜੀ ਨਿਭਾਈ, ਠੋਕ ਕੇ ਨਿਭਾਈ।

ਬਾਬਾ : ਲਾਹੌਰੋਂ ਕਸੂਰ ਤੇ ਕਸੂਰੋਂ ਲਾਹੌਰ 'ਕੱਠੇ ਗੱਡੀ ਵਾਹੁੰਦੇ ਸਨ।

ਮੱਜਣ : ਆਹੋ ਬਾਬਾ ਜੀ ਮੈਂ ਤੇ ਇਲਮਾਂ ਵੀ ਛੋਟੇ ਹੁੰਦੇ ਬਾਪੂ ਤੇ ਚਾਚੇ ਨਾਲ ਲਾਹੌਰ ਗਏ ਸਾਂ।

ਅਮਲੀ : ਉਏ ਤੁਸੀਂ ਲਾਹੌਰ ਗਏ ਸੀ? ਕਿਉਂ ਇਲਮਿਆਂ ਗਿਆ ਸੀ?

ਇਲਮਦੀਨ : ਆਹੋ ਗਏ ਸੀ।

ਅਮਲੀ : ਫਿਰ ਤੁਸੀਂ ਉਸ ਬਜ਼ਾਰ ਗਏ ਸੀ?

ਇਲਮਦੀਨ : ਕਿਹੜੇ ਉਏ ?

ਅਮਲੀ : ਉਏ ਉਹੀ ਜਿਥੇ ਠੁਮਕ ਠੁਮਕ ਕਰਕੇ ਨੱਚਦੀਆਂ ਨੇ।

ਮੱਜਣ : ਨਹੀਂ ਉਏ।

ਅਮਲੀ : ਲੈ ਫਿਰ ਤੁਸੀਂ ਕਾਹਦਾ ਲਾਹੌਰ ਵੇਖਿਆ - ਐਵੇਂ ਜੰਮ ਕੇ ਈ ਗਵਾਇਆ।

ਮੱਜਣ : ਤੂੰ ਫਿਰ ਨਾ ਬੋਲ। ਤੇ ਬਾਬਾ ਜੀ ਵਾਪਸੀ 'ਤੇ ਛਾਉਣੀ ਆ ਕੇ ਗੋਰਿਆਂ ਨੇ ਗੱਡੀ ਰੋਕ ਲਈ - ਅਖੇ ਵਗਾਰ ਲਗਾਣੀ ਏ। ਬਾਪੂ ਤੇ ਚਾਚਾ ਤਾਂ ਉਹਨਾਂ ਨੂੰ ਵੇਖ ਕੇ ਇਕ ਦਮ ਇਧਰ ਉਧਰ ਹੋ ਗਏ ਤੇ ਕਾਬੂ ਆ ਗਏ ਮੈਂ ਤੇ ਇਲਮਾਂ। ਤੇ ਇਲਮੇਂ ਦੀਆਂ ਤਾਂ ਉਹਨੂੰ ਵੇਖ ਕੇ ਨਾਡਾਂ ਹੀ ਨਿਕਲ ਗਈਆਂ।

ਇਲਮਦੀਨ : ਮੇਰੀਆਂ ਕਦੋਂ ਡਾਡਾਂ ਨਿੱਕਲੀਆਂ? ਜੇ ਨਿੱਕਲੀਆਂ ਵੀ ਸੀ ਤਾਂ ਤੇਰੀਆਂ ਡਾਡਾਂ ਤੋਂ ਬਾਅਦ।

ਅਮਲੀ : ਆਹੋ, ਦੋ ਸੂਰਮੇ ਜੁ 'ਕੱਠੇ ਹੋ ਗਏ – ਸਾਲੇ ਨਲੀ ਚੋਚੋ ਜਿਹੇ।

ਮੱਜਣ : ਤੇ ਗੋਰਾ ਲੱਗ ਪਿਆ ਸਾਨੂੰ 'ਗਰੇਜ਼ੀ 'ਚ ਗਾਲ੍ਹਾਂ ਦੇਣ।

ਅਮਲੀ : ਆਹੋ, ਉਹ ਕਹਿੰਦਾ ਹੋਣਾ : "ਯੂ ਡੈਮ ਬਲੱਡੀ ਦੀ ਲਾਲਟੈਣ"।

ਮੱਜਣ : ਉਏ ਇਹਦਾ ਮਤਲਬ ਕੀ ਹੋਇਆ?

ਅਮਲੀ : ਇਹਦਾ ਮਤਲਬ ਹੋਇਆ ਬਈ ਤੁਸੀਂ ਦੋਵੇਂ ਹਰਾਮ ਦੇ ਹੋ।

ਇਲਮਦੀਨ : ਉਏ ਤੈਨੂੰ ਕਿਸ ਤਰ੍ਹਾਂ ਪਤੈ? ਤੈਨੂੰ ਕਿਹੜਾ 'ਗਰੇਜ਼ੀ ਆਉਂਦੀ ਏ?

ਅਮਲੀ : 'ਗਰੇਜ਼ੀ ਨਹੀਂ ਆਉਂਦੀ, ਪਰ ਬੰਦਾ ਦੇਖ ਕੇ ਪਛਾਣ ਲਈਦਾ ਬਈ ਕਿਹੋ ਜਿਹੀ ਗਾਲ਼ ਕੱਢੂ। ਸਾਰੀ ਉਮਰ ਗਾਲ਼ਾਂ ਈ ਖਾਂਦੇ ਰਹੇ ਹਾਂ। ਠਾਣੇਦਾਰ ਦੀ ਗਾਲ਼ ਹੋਰ ਤਰ੍ਹਾਂ ਦੀ: "ਠਹਿਰ ਤੇਰੀ ਭੈਣ ਦੀ....."। ਚੂੜ੍ਹੇ ਵਾਲੀ ਦੀ ਹੋਰ ਤਰ੍ਹਾਂ ਦੀ ਗਾਲ਼: "ਚੱਲ ਖਸਮਾਂ ਨੂੰ ਖਾਣ" ਜਾਣੀ ਗਾਲ਼ ਈ ਨਹੀਂ ਲੱਗਦੀ। ਤੇ ਉਹ ਝਾੜੂ ਵਾਲੀਆਂ ਤਾਂ ਸਿੱਧਾ ਮੋਰ ਬਣਾ ਦਿੰਦੀਆਂ ਨੇ।

ਬਾਬਾ : ਨੈ ਤੂੰ ਆਪਣੀਆਂ ਹੀ ਗੱਲਾਂ ਛੋੜ ਦੇਂਦਾ ਆਲਾ ਸਿਆਂ – ਮੈਂ ਤਾਂ ਇਹ ਖੂਹ ਦੀ ਗੱਲ ਕਰਨਾਂ। ਸਾਰੇ ਇਲਾਕੇ ਵਿਚ ਇਹੋ ਜਿਹਾ ਮਿੱਠਾ ਪਾਣੀ ਕਿਧਰੇ ਨਹੀਂ। ਇਹ ਖੂਹ ਜਿਹੜਾ ਚੰਦਾ ਸਿੰਘ ਤੇ ਚਰਾਗਦੀਨ ਦੀ ਸਾਂਝੀ ਜ਼ਮੀਨ 'ਤੇ ਲੱਗਿਆ ਏ। ਜਦੋਂ ਇਹ ਤੂਤ ਲੱਗੇ ਤਾਂ ਵੀ ਮੈਂ ਇਥੇ ਸਾਂ।

ਮੱਜਣ : ਆਹੋ ਬਾਬਾ ਜੀ, ਇਹਦੀਆਂ ਛਿਟੀਆਂ ਉਹ ਖਾਂਪੜ ਜਿਹੇ ਖੜਕ ਸਿੰਹੁ ਦੇ ਵਿਹੜੇ ਵਾਲੇ ਤੂਤ ਤੋਂ ਮੈਂ ਤੇ ਇਲਮਾਂ ਹੀ ਖੰਗਾ ਕੇ ਲਿਆਏ ਸਾਂ।

ਬਾਬਾ : ਤੇ ਚਾਚਾ ਨੀਰਾ ਵੀ ਉਥੇ ਹੀ ਸੀ। ਉਹ ਕਹਿਣ ਲੱਗਾ: ਇਕ ਪਾਸੇ ਲਗਾਏ ਇਲਮਾਂ ਤੇ ਦੂਜੇ ਪਾਸੇ ਲਗਾਏ ਮੱਜਣ, ਤਾਂ ਜੋ ਤੂਤ ਜਦੋਂ ਵੱਡੇ ਹੋਣ ਤਾਂ ਵੰਡਣ ਵੇਲੇ ਮੁਸ਼ਕਲ ਨਾ ਆਵੇ। ਪਰ ਅਸ਼ਕੇ ਇਹਦੇ ਬਾਪੂ ਚੰਦਾ ਸਿੰਘ ਦੇ। ਉਹ ਕਹਿਣ ਲੱਗਾ "ਚਾਚਾ, ਮੈਂ ਤੇ ਚਰਾਗ਼ਦੀਨ ਨੇ ਸਾਰੀ ਉਮਰ 'ਕੱਠੀ ਲੰਘਾਈ। ਅਸੀਂ ਚਾਹੁੰਦੇ ਹਾਂ ਕਿ ਸਾਡੇ ਮੁੰਡਿਆਂ ਵਿਚ ਵੀ ਫਰਕ ਨਾ ਪਵੇ।" ਉਹਨੇ ਖੂਹ ਦੇ ਆਲੇ ਦੁਆਲੇ ਚੱਕਰ ਬਣਾਇਆ, ਥਾਂ ਥਾਂ ਤੇ ਟੋਈਆਂ ਬਣਾਈਆਂ ਤੇ ਕਿਹਾ "ਇਕ ਵਿਚ ਲਾਏ ਮੱਜਣ ਤੇ ਦੂਜੇ ਵਿਚ ਲਾਏ ਇਲਮਾਂ। ਫਿਰ ਲਾਏ ਮੱਜਣ, ਫਿਰ ਲਾਏ ਇਲਮਾਂ – ਤਾਂ ਜੋ ਤੂਤ ਜਦੋਂ ਵੱਡੇ ਹੋਣ ਤਾਂ ਪਤਾ ਨਾ ਲੱਗੇ ਕਿ ਮੱਜਣ ਦਾ ਕਿਹੜਾ ਏ ਤੇ ਇਲਮੇਂ ਦਾ ਕਿਹੜਾ ਏ।" ਤੇ ਪੁੱਤਰੋ ਇਹ ਇਸ ਸਾਂਝ ਦਾ ਹੀ ਨਤੀਜਾ ਏ ਕਿ ਇਹਨਾਂ ਤੂਤਾਂ ਦੀ ਛਾਂ ਦੀ ਬਰਕਤ ਸਾਰੇ ਪਿੰਡ ਉਤੇ ਹੈ।

ਅਮਲੀ : ਬਰਕਤ ਵਰਗੀ ਬਰਕਤ ਬਾਬਾ ਜੀ, ਮੇਰਾ ਤਾਂ ਇਥੋਂ ਉਠ ਕੇ ਘਰ ਜਾਣ ਨੂੰ ਜੀਅ ਈ ਨਹੀਂ ਕਰਦਾ। ( ਫਿਰ ਆਪਣੇ ਆਪ ਨੂੰ) ਨਾਲੇ ਘਰੇ ਕਿਹੜਾ ਕੋਈ ਚੂੜੇ ਵਾਲੀ ਉਡੀਕ ਕਰਦੀ ਏ।

ਬਾਬਾ : ਪੁੱਤਰੋ, ਇਹਨਾਂ ਤੂਤਾਂ ਦੀ ਰਾਖੀ ਖ਼ਬਰਦਾਰ ਹੋ ਕੇ ਕਰਨੀ। ਕਿਸੇ ਸੱਪ ਨੂੰ ਇਜਾਜ਼ਤ ਨਾ ਦੇਣਾ ਕਿ ਇਹਨਾਂ ਦੀਆਂ ਜੜ੍ਹਾਂ ਵਿਚ ਆਪਣੀ ਖੁੱਡ ਬਣਾ ਸਕੇ। ਮੈਂ ਤਾਂ ਹੁਣ ਚਲਦਾ ਹਾਂ।

ਅਮਲੀ : ਨਾ ਬਾਬਾ ਜੀ, ਤੁਸੀਂ ਕਿੱਥੇ ਚੱਲੇ ਹੋ। ਜਦੋਂ ਆਉਂਦੇ ਹੋ, ਉਦੋਂ ਹੀ ਕਹਿੰਦੇ ਹੋ ਮੈਂ ਚੱਲਿਆ ਹਾਂ।

ਬਾਬਾ : ਉਏ ਆਲਾ ਸਿਆਂ, ਹੁਣ ਫਿਰੰਗੀਆਂ ਦੇ ਖਿਲਾਫ਼ ਆਖਰੀ ਮੋਰਚਾ ਏ। ਮੈਂ ਹੁਣ ਪਿੰਡ ਵੱਲ ਹੋ ਆਵਾਂ, ਸਾਰਿਆਂ ਨੂੰ ਫਤਹਿ ਕਹਿ ਆਵਾਂ। ਨਾਲੇ ਆਲਾ ਸਿਆਂ, ਤੂੰ ਵੀ ਮੇਰੇ ਨਾਲ ਚੱਲ – ਉਹ ਲੱਭੂ ਭਲਵਾਨ ਤੇਰੀ ਸ਼ਕਾਇਤ ਕਰਦਾ ਸੀ।

ਅਮਲੀ : ਨਾ ਬਾਬਾ ਜੀ, ਲੱਭੂ ਭਲਵਾਨ ਮੇਰੀ ਸ਼ਕਾਇਤ ਕਿਉਂ ਕਰਦਾ ਸੀ? ਮੈਂ ਕਿਹੜਾ ਉਹਦੀ ਬੱਕਰੀ ਖੋਲ੍ਹ ਲਿਆਇਆ ਹਾਂ?

ਬਾਬਾ : ਉਏ ਉਹਦੇ ਕੋਲੋਂ ਮਾਵੇ ਵਾਲੀ ਡੱਬੀ ਲਿਆਇਆ ਹੋਵੇਂਗਾ – ਪੈਸੇ ਨਹੀਂ ਪਹੁੰਚਾਏ ਹੋਵੇਂ।

ਅਮਲੀ : ਲਓ ਬਾਬਾ ਜੀ, ਪੈਸੇ ਕਾਹਦੇ ਦੇਣੇ ਸਨ? ਐਤਕੀਂ ਪਤਾ ਨਹੀਂ ਉਹਨੇ ਡੱਬੀ ਵਿਚ ਘੋੜੇ ਦੀ ਲਿੱਦ ਦੇ ਦਿੱਤੀ ਏ ਜਾਂ ਚੂਹੇ ਦੀਆਂ ਮੀਂਗਣਾਂ, ਜਾਣੀ ਨਸ਼ਾ ਜਿਹਾ ਈ ਨਹੀਂ ਚੜ੍ਹਦਾ। ਮੈਂ ਚੱਲਦਾ ਹਾਂ ਤੁਹਾਡੇ ਨਾਲ – ਵੱਡਾ ਭਲਵਾਨ ਬਣਿਆ ਫਿਰਦਾ ਏ, ਮੈਂ ਉਹਦੇ ਨਾਲੋਂ ਘੱਟ ਆਂ? (ਉੱਠਦੇ ਹੋਏ) ਬਾਬਾ ਜੀ ਤੁਸੀਂ ਚੱਲੋ, ਮੈਂ ਜ਼ਰਾ ਖੇਤ ਵੱਲ ਹੋ ਆਵਾਂ। ਹੁਣੇ ਈ ਆਇਆ। ਜੇ ਨਾ ਵੀ ਆਇਆ ਤਾਂ ਫਿਰ ਸਾਡੀ ਫਤਹਿ।

ਮੱਜਣ : (ਉਠਦਾ ਹੋਇਆ) ਹਲਾ ਇਲਮਿਆਂ ਮੈਂ ਵੀ ਗੇੜਾ ਮਾਰ ਆਵਾਂ ਤੂੰ ਪਾਣੀ ਦਾ ਨੱਕਾ ਮੋੜਦਾ ਰਹੀਂ।

ਇਲਮਦੀਨ : ਘਰ ਚੱਲਿਆ ਏਂ ਤਾਂ ਆਪਣੇ ਵੀ 'ਵਾਜ ਦੇਈਂ। ਅੱਜ ਦੋਨਾਂ ਵਿਚੋਂ ਇਕ ਵੀ ਨਹੀਂ ਅੱਪੜੀ – ਭੁੱਖ ਨਾਲ ਕੋਕੜੇ ਪਏ ਵੱਜਦੇ ਨੇ।

(ਸਾਰੇ ਜਾਂਦੇ ਹਨ ਤੇ ਸਟੇਜ ਥੋੜ੍ਹੇ ਚਿਰ ਲਈ ਖਾਲੀ ਰਹਿੰਦੀ ਏ। ਬਲੈਕ ਆਊਟ)

• • • • • •

(ਸ਼ਾਹ ਇੱਧਰ ਉੱਧਰ ਵੇਖਦਾ ਹੈ, ਜਿਵੇਂ ਕਿਸੇ ਨੂੰ ਲੱਭਦਾ ਹੋਵੇ। ਫਿਰ ਆ ਕੇ ਤਖ਼ਤਪੋਸ਼ 'ਤੇ ਬੈਠ ਜਾਂਦਾ ਹੈ ਤੇ ਵਹੀ ਖੋਲ੍ਹ ਲੈਂਦਾ ਹੈ)

ਸ਼ਾਹ : ਛੇ ਛੀਕਾ ਛੱਤੀ ਤੇ ਇਕ ਸੈਂਤੀ, ਜਮ੍ਹਾਂ ਕੀਤੇ ਤਿੰਨ, ਹੋ ਗਏ ਚਾਲੀ – ਹਾਸਲ ਆ ਗਏ ਚਾਰ ਤੇ ਥੱਲੇ ਬਚਿਆ ਕੁੱਝ ਵੀ ਨਾ। ਲੋਕ ਕਹਿੰਦੇ ਨੇ ਸ਼ਾਹ ਨੂੰ ਬੜੀਆਂ ਆਮਦਨਾਂ ਨੇ – ਇਥੇ ਹਾਸਲ ਭਾਵੇਂ ਚਾਰ ਆ ਜਾਣ ਪਰ ਥੱਲੇ ਕੁੱਝ ਨਹੀਂ ਬਚਦਾ!

ਸ਼ਾਹਣੀ : (ਗੁੱਸੇ ਨਾਲ ਤਣੀ ਆਉਂਦੀ ਹੈ) ਨਾ, ਤੇਰੇ ਥੱਲੇ ਤਾਂ ਕਦੇ ਕੁੱਝ ਨਹੀਂ ਬਚਦਾ।

ਸ਼ਾਹ : ਲੈ, ਤੇਰੇ ਕੋਲੋਂ ਘਰੋਂ ਖਹਿੜਾ ਛੁਡਾ ਕੇ ਮੈਂ ਇਥੇ ਤੂਤਾਂ ਦੀ ਠੰਢੀ ਛਾਂ ਥੱਲੇ ਆਇਆ, ਪਰ ਤੂੰ ਇਥੇ ਵੀ ਮਗਰੇ ਹੀ ਆ ਗਈ। (ਦਰਸ਼ਕਾਂ ਵੱਲ) ਬੰਦਾ ਤੇਈਏ ਤਾਪ ਤੋਂ ਛੁਟਕਾਰਾ ਪਾ ਸਕਦੈ, ਤਪਦਿਕ ਤੋਂ ਛੁਟਕਾਰਾ ਪਾ ਸਕਦੈ; ਪਰ ਇਕ ਵਾਰੀ ਭੈੜੀ ਤੀਵੀਂ ਦੇ ਵੱਸ ਪੈ ਜਾਏ ਉਮਰ ਭਰ ਛੁਟਕਾਰਾ ਨਹੀਂ ਪਾ ਸਕਦਾ। (ਸ਼ਾਹਣੀ ਵੱਲ) ਤਾਂ ਹੁਣ ਤੂੰ ਕੀ ਚਾਹੁੰਦੀ ਏਂ?

ਸ਼ਾਹਣੀ : ਤੂੰ ਬੰਦਾ ਬਣ ਕੇ ਮੇਰੀਆਂ ਟੂੰਮਾਂ ਮੇਰੇ ਹਵਾਲੇ ਕਰਦੇ, ਜਿਹੜੀਆਂ ਟਰੰਕ ਵਿਚੋਂ ਕੱਢ ਲਿਆਇਆ ਏਂ।

ਸ਼ਾਹ : ਨਾ, ਮੇਰੀ ਰਾਤ ਦੀ ਬੱਕੜਵਾਹ ਦਾ ਕੋਈ ਅਸਰ ਨਹੀਂ ਹੋਇਆ?

ਸ਼ਾਹਣੀ : ਝੂਠੀ ਗੱਲ, ਅਖੇ ਸਖ਼ੀ ਨਾਲੋਂ ਸੂਮ ਭਲਾ ਜਿਹੜਾ ਤੁਰੰਤ ਦੇਵੇ ਜਵਾਬ।

ਸ਼ਾਹ : ਤਾਹੀਉਂ ਕਹਿੰਦੇ ਨੇ, ਜ਼ਨਾਨੀ ਦੀ ਮੱਤ ਗੁੱਤ ਪਿੱਛੇ ਹੁੰਦੀ ਏ। ਮੈਂ ਇਹ ਤੂਤ ਸਾਂਭਣ ਦਾ ਪ੍ਰਬੰਧ ਪਿਆ ਕਰਦਾਂ, ਇਹਨੂੰ ਆਪਣੀਆਂ ਟੂੰਮਾਂ ਦੀ ਪਈ ਹੋਈ ਹੈ।

ਸ਼ਾਹਣੀ : ਗੁੱਤ ਪਿੱਛੇ ਨਾ, ਹੁੰਦੀਉ ਈ ਨਹੀਂ; ਭਲਾ ਜੇ ਮੱਤ ਹੁੰਦੀ ਤਾਂ ਤੈਨੂੰ ਆਪਣਾ ਨੱਕ ਕੰਨ ਲਾਹ ਕੇ ਤੇਰੇ ਹਵਾਲੇ ਕਿਉਂ ਕਰ ਦਿੰਦੀ। ਤੇਰਾ ਤਾਂ ਕਿਤੇ ਸਰਿਆ ਹੀ ਨਹੀਂ।

ਸ਼ਾਹ : ਨਾ ਮੈਂ ਇਹ ਸਭ ਕੁੱਝ ਆਪਣੇ ਲਈ ਕਰ ਰਿਹੈਂ? ਤੇਰੇ ਤੇ ਤੇਰੇ ਪੁੱਤਰ ਲਈ ਹੀ ਸਿਆਪੇ ਕਰ ਰਿਹਾਂ। ਜੇ ਇਹ ਤੂਤ ਆਪਣੇ ਹੋ ਜਾਣ ਤਾਂ ਮਾੜਾ ਕੀ ਏ?

ਸ਼ਾਹਣੀ : ਨਾ, ਸਾਡੇ ਸਿਆਪੇ ਨਾ ਕਰ। ਸਿਆਪਾ ਕਰਨਾ ਏ ਤਾਂ ਆਪਣੀ ਜੰਮਣ ਵਾਲੀ ਦਾ ਕਰ। ਮੇਰਾ ਨੱਕ, ਕੰਨ ਤੂੰ ਬੁੱਚਾ ਕਰ ਦਿਤਾ। ਮਰੀ ਨੂੰ ਕਿਸੇ ਨੂੰਹ ਧੀ ਨੇ ਨਹਾਉਣਾ ਵੀ ਨਹੀਂ।

ਸ਼ਾਹ : ਮਰੀ ਨੂੰ ਨਹਾਉਣ ਦੀ ਜਿੰਨਾਂ ਦੀ ਜ਼ਿੰਮੇਵਾਰੀ ਏ, ਉਹ ਜਾਨਣ; ਭਲਾ ਤੈਨੂੰ ਇਸ ਗੱਲ ਦੀ ਕੀ ਚਿੰਤਾ?

ਸ਼ਾਹਣੀ : ਆਹੋ, ਤੂੰ ਮਰਨ ਵਾਲੀ ਬਣ, ਇਹੋ ਕਹਿਣਾ ਚਾਹੁੰਨੈਂ? ਪਰ ਫਿਕਰ ਨਾ ਕਰ, ਮੈਂ ਇਨੀ ਛੇਤੀ ਮਗਰੋਂ ਲਹਿਣ ਵਾਲੀ ਨਹੀਂ।

ਸ਼ਾਹ : ਆਹੋ, ਇਹ ਤਾਂ ਮੈਂ ਜਾਣਦੈਂ, ਬਈ ਮੇਰੇ ਐਡੇ ਭਾਗ ਕਿੱਥੇ?

ਸ਼ਾਹਣੀ : ਹਲਾ, ਗੱਲਾਂ ਨਾ ਬਣਾ, ਮੇਰੀਆਂ ਟੂੰਮਾਂ ਮੇਰੇ ਹਵਾਲੇ ਕਰ।

ਸ਼ਾਹ : ਕਰ ਦਿੰਨੇ ਆਂ, ਜੇ ਤੂੰ ਸਾਡੇ ਨੁਕਸਾਨ ਵਿਚ ਹੀ ਰਾਜ਼ੀ ਏਂ।

ਸ਼ਾਹਣੀ : ਨਾ, ਟੂੰਮਾਂ ਮੇਰੀਆਂ - ਪੇਕਿਉਂ ਮੈਂ ਲਿਆਈ; ਨੁਕਸਾਨ ਤੇਰਾ ਕਿਸ ਤਰ੍ਹਾਂ ਹੋ ਗਿਆ?

ਸ਼ਾਹ : ਅਸੀਂ ਤੇਰੀ ਇਕ ਟੂੰਮ ਤੋਂ ਅੱਗੋ ਦਸ ਟੂੰਮਾਂ ਬਣਾਉਣੀਆਂ ਨੇ - ਇਹਨੂੰ ਕਹਿੰਦੇ ਸ਼ਾਹੂਕਾਰਾ! ਪਰ ਤੈਨੂੰ ਕੀ ਪਤਾ। ਤੇਰੇ ਪਿਉ ਦਾਦੇ ਨੇ ਇਹ ਸ਼ਾਹੂਕਾਰਾ ਕੀਤਾ ਹੁੰਦਾ ਤਾਂ ਪਤਾ ਹੁੰਦਾ।

ਸ਼ਾਹਣੀ : ਸ਼ੁਕਰ ਏ ਮੇਰੇ ਪਿਉ ਦਾਦੇ ਨੇ ਇਹ ਕੁੱਤਾ ਕੰਮ ਨਹੀਂ ਕੀਤਾ।

ਸ਼ਾਹ : (ਦਰਸ਼ਕਾਂ ਵੱਲ) ਉਏ ਵੇਖੋ ਲੋਕੋ ਹਨੇਰ। ਸਾਡੀ ਹੀ ਜ਼ਨਾਨੀ ਸਾਡੇ ਹੀ ਕੰਮ ਨੂੰ ਕੁੱਤਾ ਕੰਮ ਆਖਦੀ ਏ। (ਸ਼ਾਹਣੀ ਵੱਲ) ਮੈਂ ਤਾਂ ਉਸ ਪੰਡਤ ਨੂੰ ਰੋਨਾ ਵਾਂ ਜਿਸਨੇ ਤੇਰੇ ਨਾਲ ਮੇਰੇ ਫੇਰੇ ਕਰਵਾਏ।

ਸ਼ਾਹਣੀ : ਤੂੰ ਰੋਨਾ ਏਂ ਪੰਡਤ ਨੂੰ, ਮੈਂ ਰੋਨੀ ਆਂ ਤੇਰੀ ਮਾਂ ਨੂੰ, ਜੇ ਤੈਨੂੰ ਜੰਮ ਗਈ ਮੇਰੇ ਲਈ।

ਸ਼ਾਹ : ਨਾ, ਉਸ ਮਰੀ ਨੂੰ ਹੁਣ ਕਿਉਂ ਰੋਨੀ ਏਂ? (ਜੇਬ ਵਿਚੋਂ ਟੂੰਮਾਂ ਕੱਢਕੇ) ਵਿਚੋਂ ਗੱਲ ਤਾਂ ਇਹਨਾਂ ਟੂੰਮਾਂ ਦੀ ਏ ਨਾਂ? ਲੈ ਤੇ ਮਗਰੋਂ ਲਹਿ।

ਸ਼ਾਹਣੀ : (ਟੂੰਮਾਂ ਲੈਂਦੀ ਹੋਈ) ਹਲਾ, ਰੋਟੀ ਖਾਣ ਵੇਲੇ ਸਿਰ ਆ ਜਾਈਂ। ਮੈਂ ਗਵਾਂਢਣਾਂ ਨਾਲ ਫੇਰ ਮੁਕਾਣ ਜਾਣਾ ਹੈ।

ਸ਼ਾਹ : ਤੇ ਗੁਆਂਢਣਾਂ ਨੂੰ ਸੱਦਾ ਦੇ ਆਈਂ ਕਿ ਮੇਰੀ ਮੁਕਾਣ ਆ ਜਾਣ!

ਸ਼ਾਹਣੀ : ਸ਼ੁਭ ਸ਼ੁਭ ਬੋਲ।

ਸ਼ਾਹ : ਹਾਲੇ ਸ਼ੁਭ ਸ਼ੁਭ ਬੋਲਣ ਦੀ ਕਸਰ ਰਹਿ ਗਈ ਏ?

(ਸ਼ਾਹਣੀ ਜਾਂਦੀ ਹੈ। ਸ਼ਾਹ ਫੇਰ ਹਿਸਾਬ ਕਿਤਾਬ ਵਿਚ ਪੈ ਜਾਂਦਾ ਹੈ)

ਇਲਮਦੀਨ : ਇਹ ਸ਼ਾਹ, ਕਿਹੜੇ ਹਿਸਾਬ ਕਿਤਾਬ 'ਚ ਪੈ ਗਿਆ ਏਂ?

ਸ਼ਾਹ : ਉਏ ਆ ਬਈ ਚੌਧਰੀ ਇਲਮਦੀਨਾਂ, ਤੈਨੂੰ ਪਿਆ ਉਡੀਕਦਾ ਹਾਂ। ਤੂੰ ਤਾਂ ਈਦ ਦਾ ਚੰਦ ਹੋ ਗਿਆ; ਦਿਸਣੋਂ ਹੀ ਗਿਆ। ਬੰਦਾ ਹੋਵੇ ਤਾਂ ਸੱਜਣ ਸਿੰਘ ਵਰਗਾ, ਦਾਣੇ ਆਉਂਦਿਆਂ ਹੀ ਪਹਿਲਾ ਹਿਸਾਬ ਚੁਕਤਾ ਕਰ ਗਿਆ। ਭਾਵੇਂ ਅੱਗੇ ਲਈ ਹੋਰ ਲੈ ਗਿਆ, ਪਰ ਪਹਿਲਾ ਹਿਸਾਬ ਤਾਂ ਮੁਕਾ ਗਿਆ।

ਇਲਮਦੀਨ: ਸ਼ਾਹ, ਬੰਦੇ ਤਾਂ ਅਸੀਂ ਵੀ ਮਾੜੇ ਨਹੀਂ; ਪਰ ਤੰਗ ਦਾ ਨੰਗ ਹੀ ਮਾਰੀ ਜਾਂਦਾ ਏ। ਨਹੀਂ ਤਾਂ ਤੂੰਹੀਉਂ ਦੱਸ ਪਿਉ ਦੇ ਹੁੰਦਿਆਂ ਕੌਣ ਹਰਾਮਦਾ ਅਖਵਾਂਦਾ ਏ?

ਸ਼ਾਹ : ਚੱਲ ਹਿਸਾਬ ਦੀ ਗੱਲ ਛੱਡ। ਇਹ ਤਾਂ ਹੁੰਦੇ ਹੀ ਰਹਿਣਗੇ। (ਪਹਿਲਾਂ ਤੂਤਾਂ ਵੱਲ ਲਲਚਾਈ ਨਜ਼ਰ ਤੇ ਫਿਰ ਆਲੇ ਦੁਆਲੇ ਭੇਤ ਭਰੀ ਨਜ਼ਰ ਨਾਲ ਵੇਖ ਕੇ) ਮੈਂ ਤਾਂ ਤੇਰੇ ਨਾਲ ਅੱਜ ਹੋਰ ਗੱਲ ਕਰਨ ਆਇਆ ਹਾਂ।

ਇਲਮਦੀਨ : ਤੂੰ ਸ਼ਾਹ ਹੁਕਮ ਕਰ।

ਸ਼ਾਹ : ਮੈਂ ਤਸੀਲੇ ਗਿਆ ਸਾਂ, ਉਥੋਂ ਪਤਾ ਲੱਗਾ ਏ ਕਿ ਹੁਣ ਆਪਣੇ ਪਿੰਡ ਨਵਾਂ ਨੰਬਰਦਾਰ ਬਣਨਾ ਏ।

ਇਲਮਦੀਨ: ਆਹੋ, ਸੁਣਿਆਂ ਤਾਂ ਮੈਂ ਵੀ ਏ।

ਸ਼ਾਹ : ਫੇਰ ਤੂੰ ਦਰਖ਼ਾਸਤ ਕਿਉਂ ਨਹੀਂ ਦਿੰਦਾ?

ਇਲਮਦੀਨ: ਮੈਂ?

ਸ਼ਾਹ : ਹਾਂ। ਤਸੀਲੇ ਇਹ ਵੀ ਗੱਲ ਹੁੰਦੀ ਸੀ ਕਿ ਤਸੀਲਦਾਰ ਦੀ ਮਰਜ਼ੀ ਏ ਕਿ ਐਤਕੀਂ ਪੀਰੂਵਾਲ ਦਾ ਨੰਬਰਦਾਰ ਮੁਸਲਮਾਨ ਹੋਵੇ ਤੇ ਅਸੀਂ ਤਾਂ ਉਥੇ ਹੀ ਇਰਾਦਾ ਬਣਾ ਲਿਆ ਕਿ ਐਤਕੀਂ ਨੰਬਰਦਾਰ ਹੋਵੇਗਾ ਤਾਂ ਆਪਣਾ ਚੌਧਰੀ ਇਲਮਦੀਨ ਹੀ ਹੋਵੇਗਾ।

ਇਲਮਦੀਨ: ਪਰ ਧੀਨੇ ਸ਼ਾਹ, ਨੰਬਰਦਾਰੀ ਦੀ ਦਰਖ਼ਾਸਤ ਸੱਜਣ ਸਿਉਂ ਨੇ ਕੀਤੀ ਹੋਈ ਏ; ਮੈਂ ਉਹਦੇ 'ਤੇ ਚੜ੍ਹੁ ਖੱਤੀ ਨਹੀਂ ਕਰਨੀ।

ਸ਼ਾਹ : ਇਹ ਚੜ੍ਹੁ ਖੱਤੀ ਕਾਹਦੀ ਏ? ਨੰਬਰਦਾਰੀ ਸੀ ਚੇਤ ਸਿਉਂ ਦੀ ਤੇ ਉਹ ਗਿਆ ਮਰ।

ਇਲਮਦੀਨ: ਪਰ ਉਹਦਾ ਹੱਕ ਤਾਂ ਸੱਜਣ ਸਿਉਂ ਨੂੰ ਹੀ ਪਹੁੰਚਦਾ ਏ ਨਾ?

ਸ਼ਾਹ : ਲੈ, ਸੱਜਣ ਸਿਉਂ ਨੂੰ ਪਹੁੰਚਦਾ ਏ ਹੱਕ! ਕਿਤੇ ਪੰਜਵੀਂ-ਸੱਤਵੀਂ ਪੀੜ੍ਹੀਉਂ ਰਲਦੇ ਨੇ ਦੋਵੇਂ।

ਇਲਮਦੀਨ: ਭਾਵੇਂ ਕੁੱਝ ਵੀ ਹੋਵੇ, ਪਰ ਮੈਂ ਸੱਜਣ ਸਿਉਂ ਦੇ ਟਾਕਰੇ 'ਤੇ ਕਚਹਿਰੀਂ ਵਿਚ ਜਾ ਕੇ ਨਹੀਂ ਖਲੋਣਾ।

ਸ਼ਾਹ : ਤੂੰ ਵੀ ਨਿਰਾ ਬੁੱਧੂ ਈ ਰਿਹਾ ਨਾ। ਜਾਣਨਾ ਏਂ ਸਰਕਾਰ ਦੇ ਘਰ ਵਿਚ ਨੰਬਰਦਾਰੀ ਦੀ ਇੱਜ਼ਤ ਕਿੰਨੀ ਏ ਤੇ ਉਪਰੋਂ ਪੰਜੋਤਰਾ ਵੱਖਰਾ!

ਇਲਮਦੀਨ : ਫੇਰ ਮੈਂ ਮੱਜਣ ਸਿੰਘ ਨੂੰ ਪੁੱਛ ਲਵਾਂ । ਉਹ ਆਖੇਗਾ...

ਸ਼ਾਹ : ਬਸ ਫੇਰ, ਸਲਾਹੀਂ ਪਈ ਤੇ ਗੱਲ ਗਈ। ਮੱਜਣ ਸਿੰਘ ਨੇ ਪੁੱਛਿਆ ਸੀ ਤੈਨੂੰ ਦਰਖ਼ਾਸਤ ਦੇਣ ਵੇਲੇ? ਮੈਂ ਖ਼ਬਰੇ ਤੇਰੇ ਵਾਸਤੇ ਕਿਨਾ ਟਿੱਲ ਲਾਈ ਬੈਠਾ ਹਾਂ ਤੇ ਤੂੰ ਬਹਿਕਲ ਢੱਗੇ ਆਂਗੂੰ ਲੱਤ ਈ ਨਹੀਂ ਲਾਉਂਦਾ।

ਇਲਮਦੀਨ : ਧੰਨੇਸ਼ਾਹ, ਗੱਲਾਂ ਤੇਰੀਆਂ ਸਾਰੀਆਂ ਸੱਚੀਆਂ ਨੇ; ਪਰ ਮਾਰੀ ਤਾਂ ਜਾਂਦਾ ਏ ਤੇੜ ਦਾ ਨੰਗ। ਜਾਂ ਤਾਂ ਮਾਰ ਹਿੱਕ 'ਤੇ ਹੱਥ। ਫੱਕ ਝਗੜੇ ਵਾਸਤੇ ਹਜ਼ਾਰ ਦੇ ਹਜ਼ਾਰ।

ਸ਼ਾਹ : ਬੱਸ ਇਹੀ ਗੱਲ ਸੀ? ਮੈਂ ਸ਼ਾਹੂਕਾਰ ਦਾ ਪੁੱਤ ਨਾ ਸਮਝੀਂ, ਜੇ ਰੁਪਏ ਖੁਣੋਂ ਮੁਕੱਦਮਾਂ ਹਾਰ ਜਾਏਂ ਤਾਂ। ਬੱਸ ਕੱਲ੍ਹ ਈ ਚੱਲਦੈ ਕਚਹਿਰੀ। ਮੈਂ ਤੇਰੇ ਨਾਲ ਆਪ ਚੱਲੂੰ।

ਇਲਮਦੀਨ : ਹਲਾ, ਫੇਰ ਮੈਂ ਨੱਕਾ ਮੋੜ ਆਵਾਂ। (ਜਾਂਦਾ ਹੈ)

ਸ਼ਾਹ : (ਪਿਛੋਂ ਆਪਣੇ ਆਪ ਨਾਲ)... ਤੂੰ ਨੱਕਾ ਮੋੜ ਆ ਤੇ ਅਸੀਂ ਇਥੇ ਤੇਰੀ ਕਿਸਮਤ ਦਾ ਨੱਕਾ ਮੋੜ ਦਿੰਨੇ ਆਂ! ਮੱਜਣ ਸਿੰਘ ਨੂੰ ਤਾਂ ਵੱਸ ਕੀਤਾ ਸੀ ਕਰਜ਼ਾ ਦੇ ਕੇ ਤੇ ਇਹਨੂੰ ਹੱਥ ਵਿਚ ਕਰ ਲਿਆ ਨੰਬਰਦਾਰੀ ਦਾ ਝੂੰਸਾ ਦੇ ਕੇ। ਕਹਿੰਦੇ ਨੇ, ਜੇ ਬਗਲੇ ਨੂੰ ਵੱਸ ਕਰਨ ਹੋਵੇ ਤਾਂ ਪਹਿਲੇ ਉਹਦੇ ਸਿਰ 'ਤੇ ਮੋਮ ਰੱਖ ਦੇਵੇ। ਬਗਲਾ ਧੁੱਪ ਵਿਚ ਬੈਠੇਗਾ, ਮੋਮ ਪਿਘਲ ਕੇ ਉਹਦੀਆਂ ਅੱਖਾਂ ਵਿਚ ਆ ਜਾਵੇਗੀ। ਉਹਨੂੰ ਦਿਸਣੋਂ ਬੰਦ ਹੋ ਜਾਵੇਗਾ ਤੇ ਫਿਰ ਮਸਕਰੇ ਜਿਹੇ ਜਾ ਕੇ ਉਹਦੀ ਗਿੱਚੀ ਮਰੋੜ ਲਵੇ। ਇਹ ਦੋਵੇਂ ਬਗਲੇ ਆਪਣੇ ਗੂਠੇ ਥੱਲੇ! ਤੇ ਇਹ ਸਾਂਝਾ ਖੂਹ ਵੀ ਆਪਣਾ, ਤੂਤ ਵੀ ਆਪਣੇ ਤੇ ਛਾਂ ਵੀ ਆਪਣੀ! ਰਾਮ ਰਾਮ! (ਵਹੀ ਵਗੈਰਾ ਸਾਂਭ ਕੇ ਤੁਰਨ ਲਈ ਤਿਆਰ ਹੁੰਦਾ ਹੈ ਤਾਂ ਦੂਜੇ ਪਾਸੇ ਤੋਂ ਅਮਲੀ ਆ ਕੇ ਨਿੱਛ ਮਾਰ ਦਿੰਦਾ ਹੈ)

ਸ਼ਾਹ : ਫਿਟੇ ਮੂੰਹ ਤੇਰਾ। ਸ਼ਕਲ ਤਾਂ ਨਹੀਂ ਚੰਗੀ, ਕੰਮ ਤਾਂ ਚੰਗਾ ਕਰ ਲਿਆ ਕਰ। ਐਡੇ ਜ਼ਰੂਰੀ ਕੰਮ ਚੱਲਿਆ ਸੀ, ਆ ਕੇ ਨਿੱਛ ਮਾਰ ਦਿੱਤੀ।

ਅਮਲੀ : ਨਾ ਸ਼ਾਹ, ਕਿਹੜੇ ਜ਼ਰੂਰੀ ਕੰਮ ਚੱਲਿਆ ਸੀ?

ਸ਼ਾਹ : ਚੌਕੀਦਾਰ ਦਾ ਸੁਨੇਹਾ ਆਇਆ ਸੀ, ਅੱਜ ਅਗਲੇ ਪਿੰਡ ਤਸੀਲਦਾਰ ਆਇਆ ਏ।

ਅਮਲੀ : ਨਾ, ਤੂੰ ਤਸੀਲਦਾਰ ਨੂੰ ਦੁੱਧ ਚੁੰਘਾਉਣੈਂ? ਬਹਿ ਜਾ ਦੋ ਘੜੀਆਂ ਸਾਡੇ ਕੋਲ।

ਸ਼ਾਹ : ਮੇਰੇ ਕੋਲ ਬਹਿਣ ਦੀ ਵਿਹਲ ਕਿੱਥੇ!

ਅਮਲੀ : ਆਹੋ ਵਿਹਲ ਕਿਥੇ? ਅੱਗ ਲਾਈ ਤੇ ਡੱਬੂ ਕੰਧ 'ਤੇ।

ਸ਼ਾਹ : ਨਾ, ਮੈਂ ਕੀ ਕੀਤਾ ਏ - ਐਵੇਂ ਅਵਾ ਤਵਾ ਬੋਲਦਾ ਏਂ?

ਅਮਲੀ : ਨਾ, ਹਾਲੇ ਕੁਝ ਨਹੀਂ ਕੀਤਾ? ਪਹਿਲੇ ਮੱਜਣ ਸਿੰਘ ਨੂੰ ਏਨਾ ਕਰਜ਼ਾ ਚੁੱਕਾ ਦਿੱਤਾ ਤੇ ਹੁਣ ਇਲਮਦੀਨ ਨੂੰ ਵੀ ਪੱਟਦਾ ਪਿਆ ਏਂ? ਤੈਨੂੰ ਭਾਈ ਭਾਈ 'ਕੱਠੇ ਬੈਠੇ ਚੰਗੇ ਨਹੀਂ ਲੱਗਦੇ?

ਸ਼ਾਹ : ਬਹਿਣ, ਬਈ ਬਹਿਣ। ਜੰਮ ਜੰਮ ਬਹਿਣ।

ਅਮਲੀ : ਨਾ ਬਹਿਣ ਕਿਦਾਂ? ਜੇ ਤੇਰੇ ਵਰਗੇ ਦੋਸਤੀ ਦੀਆਂ ਜੜ੍ਹਾਂ ਹੀ ਕੱਟਦੇ ਜਾਣ।

(ਸ਼ਾਹ ਜਵਾਬ ਦਿੱਤੇ ਬਗੈਰ ਚਲਾ ਜਾਂਦਾ ਹੈ। ਅਮਲੀ ਪਹਿਲਾਂ ਜੇਬ ਵਿਚੋਂ ਤਾਸ਼ ਕੱਢਦਾ ਹੈ ਤੇ ਫਿਰ ਫੈਂਟਦਿਆਂ ਫੈਂਟਦਿਆਂ ਆਪਣੇ ਆਪ ਨਾਲ ਗੱਲ ਕਰਦਾ ਹੈ:)

ਅਮਲੀ : ਲੈ ਅਮਲੀਆ, ਤੇਰੇ ਵਰਗੇ ਤਾਸ਼ ਹੀ ਫੈਂਟਦੇ ਰਹਿੰਦੇ ਨੇ ਤੇ ਪੱਤਾ ਸੁੱਟਣ ਵਾਲੇ ਆਪਣਾ ਪੱਤਾ ਸੁੱਟ ਜਾਂਦੇ ਨੇ।

(ਤੇ ਤਾਸ਼ ਫੈਂਟਦਿਆਂ ਹੀ ਫੇਡ ਆਊਟ ਹੁੰਦਾ ਹੈ। ਤੇ ਫਿਰ ਤਾਸ਼ ਫੈਂਟਦਿਆਂ ਹੀ ਦੁਬਾਰਾ ਰੌਸ਼ਨੀ ਹੁੰਦੀ ਹੈ। ਮੱਜਣ ਆਉਂਦਾ ਹੈ)

ਮੱਜਣ : ਓਏ ਅਮਲੀਆ, ਤਾਸ਼ ਪਿਆ ਫੈਂਟਦਾ ਏਂ?

ਅਮਲੀ : ਫੈਂਟਦਾ ਪਿਆ ਹਾਂ। ਪਰ ਤੂੰ ਨਾ ਆ ਤੂਤ ਦੀ ਛਾਵੇਂ। ਉਥੇ ਧੁੱਪੇ ਹੀ ਖਲੋਤਾ ਰਹੁ।

ਮੱਜਣ : ਨਾ ਕਿਹੋ ਜਿਹੀਆਂ ਅਵੱਲੀਆਂ ਗੱਲਾਂ ਕਰਦਾ ਏਂ ਅਮਲੀਆ?

ਅਮਲੀ : ਨਾ ਮੈਂ ਅਵੱਲੀਆਂ ਕਰਦਾਂ? ਤੁਹਾਨੂੰ ਕਿਸੇ ਭੜੂਏ ਨੇ ਆਖਿਆ ਸੀ ਕਿ ਦੋਵੇਂ ਆਪਸ ਵਿਚ ਸਿੰਗ ਫਸਾਉ ਤੇ ਤੂਤਾਂ ਦੀਆਂ ਰੌਣਕਾਂ ਨੂੰ ਬੱਜ ਲਾਉ।

ਮੱਜਣ : ਲੈ ਤੂੰ ਉਹ ਨੰਬਰਦਾਰੀ ਦੀ ਗੱਲ ਕਰਦੈਂ - ਉਹ ਤਾਂ ਗੱਲ ਬੜੀ ਮਾਮੂਲੀ ਏ।

ਅਮਲੀ : ਗੱਲ ਮਾਮੂਲੀ ਏ ਤਾਂ ਦੋਵੇਂ 'ਕੱਠੇ ਆਉਣੋਂ ਕਾਹਨੂੰ ਰੁਕ ਗਏ?

ਮੱਜਣ : ਧਰਮ ਨਾਲ ਮੈਂ ਤਾਂ ਇਲਮਦੀਨ ਨਾਲ ਦਿਲੋਂ ਉਕਾ ਨਾਰਾਜ਼ ਨਹੀਂ ਹਾਂ। ਏਨਾ ਗਿਲ੍ਹਾ ਜ਼ਰੂਰ ਏ ਪਈ ਜੇ ਉਹਨੇ ਦਰਖ਼ਾਸਤ ਕਰਨੀ ਸੀ ਤਾਂ ਮੇਰੇ ਨਾਲ ਸਲਾਹ ਕਰ ਲੈਂਦਾ। ਮੈਂ ਕੀ ਲੈਣਾ ਸੀ ਨੰਬਰਦਾਰੀ 'ਚੋਂ?

ਅਮਲੀ : ਸਵਾਹ ਤੇ ਖੇਹ - ਜਿਹੜੀ ਤੁਹਾਡੇ ਦੋਹਾਂ ਦੇ ਸਿਰ 'ਤੇ ਪੈਂਦੀ ਪਈ ਏ।

ਮੱਜਣ : ਹੁਣ ਵੀ ਉਹ ਇਕ ਵਾਰ ਅੱਧੀ ਜ਼ੁਬਾਨ ਨਾਲ ਕਹਿ ਦੇਵੇ, ਮੈਂ ਦਰਖ਼ਾਸਤ ਵਾਪਸ ਲੈ ਲਵਾਂਗਾ।

ਅਮਲੀ : ਨਾ, ਜੇ ਉਹ ਨਹੀਂ ਕਹਿੰਦਾ ਤਾਂ ਤੂੰ ਲੈ ਲੈ - ਦੋਵੇਂ ਜੁ ਮੁਕੱਦਮਾ ਲੜ ਲੜ ਵਕੀਲਾਂ ਦੇ ਘਰ ਭਰਦੇ ਹੋ।

(ਏਨੇ ਚਿਰ ਵਿਚ ਪਿੱਛੋਂ ਆਵਾਜ਼ ਆਉਂਦੀ ਹੈ: ਗਾਜ਼ੀਉ, ਪੀਰੂ ਵਾਲਾ ਮੁਸਲਮ ਅਕਸਰੀਅਤ ਕਾ ਗਾਉਂ ਹੈ। ਇਸ ਲੀਏ ਇਸ ਕਾ ਨੰਬਰਦਾਰ ਵੀ ਮੁਸਲਮਾਨ ਹੋਨਾ ਚਾਹੀਏ।)

ਅਮਲੀ : ਕਿਉਂ ਮੱਜਣਾ, ਇਹ ਆਪਣੇ ਇਲਮੇਂ ਦੀ ਆਵਾਜ਼ ਨਹੀਂ?

ਮੱਜਣ : ਉਸੇ ਦੀ ਏ। ਮੌਲਵੀ ਫ਼ਜ਼ਲ ਦੀਨ ਤੇ ਸ਼ਾਹ ਗਾਜ਼ੀ ਮਸੀਤੇ 'ਕੱਠੇ ਹੋਏ ਨੇ ਧੂੜ ਲਾ ਕੇ।

(ਪਿਛੋਂ ਆਵਾਜ਼: ਅਗਰ ਹਮੇਂ ਹਮਾਰਾ ਹੱਕ ਨਾ ਮਿਲਾ ਤਾਂ ਹਮ ਹਿੰਦੁਸਤਾਨ ਕੇ ਨੌ ਕਰੋੜ ਮੁਸਲਮਾਨ ਇਸ ਕੇ ਖਿਲਾਫ਼ ਐਜੀਟੇਸ਼ਨ ਕਰੇਂਗੇ।)

ਅਮਲੀ : ਵੱਡੇ ਐਜੀਟੇਸ਼ਨ ਕਰੇਂਗੇ! ਇਕੱਠੇ ਹੀ ਨੌ ਕਰੋੜ! ਮੈਂ ਤੂੰ ਕਹਿੰਦਾ ਸੀ ਗੱਲ ਮਾਮੂਲੀ ਏ, ਅਗਲੇ ਮਾਮੂਲੀ ਰਹਿਣ ਦਿੰਦੇ ਨੇ?

ਮੱਜਣ : (ਜੋਸ਼ ਨਾਲ) ਅਮਲੀਆ, ਜੇ ਉਹ ਇਕੱਠੇ ਨੌ ਕਰੋੜ ਨੇ, ਅਸੀਂ ਕੋਈ ਚੂੜੀਆਂ ਨਹੀਂ ਪਾਈਆਂ ਹੋਈਆਂ। ਅਸੀਂ ਇਹਨਾਂ ਨੂੰ ਦੱਸ ਦਿਆਂਗੇ ਕਿ ਸਿੱਖ ਕੌਮ ਕੀ ਹੁੰਦੀ ਏ।

ਅਮਲੀ : ਆਹੋ, ਵੱਡਾ ਆ ਗਿਆ ਬੰਦੇ ਬਹਾਦਰ ਦੀ ਉਲਾਦ!

ਮੱਜਣ : ਅੱਜ ਅਸੀਂ ਵੀ ਇਕੱਠ ਰੱਖਿਆ ਏ। ਜੱਥੇਦਾਰ ਸੁੰਦਰ ਸਿੰਘ ਤੇ ਉਹਦੀਆਂ ਫੌਜਾਂ ਆਈਆਂ ਨੇ। ਤੂੰ ਵੀ ਆਵੀਂ ਉਥੇ।

ਅਮਲੀ : ਨਾ ਮੈਂ ਨਹੀਂ ਆਉਂਦਾ ਭਰਾਵਾ - ਐਵੇਂ ਕਿਧਰੇ ਫੌਜਾਂ ਹੇਠ ਆ ਕੇ ਮਿੱਧਿਆ ਜਾਊਂ।

(ਮੱਜਣ ਸਿੰਘ ਜਾਂਦਾ ਹੈ। ਉਹਨੂੰ ਜਾਂਦਾ ਵੇਖਕੇ ਅਮਲੀ ਆਪਣੇ ਆਪ ਵਿਚ ਕਹਿੰਦਾ ਹੈ:)

ਅਮਲੀ : ਓਏ ਮੇਰੀ ਧਰਤੀ ਦੇ ਇਲਮਿਉਂ, ਓਏ ਮੇਰੀ ਧਰਤੀ ਦੇ ਮੱਜਣੋਂ, ਤੁਹਾਨੂੰ ਅਕਲ ਕਦੋਂ ਆਵੇਗੀ?

(ਫੇਡ ਆਊਟ)

(ਲਾਈਟ ਹੋਣ 'ਤੇ ਅਮਲੀ ਇਕੱਲਾ ਉਦਾਸ ਬੈਠਾ ਹੈ। ਬਾਬਾ ਸੋਟੀ ਚੁੱਕ ਕੇ ਆਉਂਦਾ ਹੈ। ਉਹ ਵੀ ਉਦਾਸ ਆਲੇ ਦੁਆਲੇ ਨੂੰ ਨੋਟ ਕਰਦਾ ਹੈ।)

ਬਾਬਾ : ਕਿਉਂ ਆਲੂ ਸਿਆਂ 'ਕੱਲਾ ਬੈਠਾ ਏਂ? ਤੇਰੇ ਯਾਰ ਬੇਲੀ ਕਿਥੇ ਗਏ?

ਅਮਲੀ : (ਉਠ ਕੇ) ਪੈਰੀਂ ਪੈਨਾਂ ਹਾਂ ਬਾਬਾ ਜੀ। ਬੇਲੀਆਂ ਦੀ ਕੀ ਕਹਿੰਦੇ ਹੋ - ਸੱਭ ਕੁਝ ਉਜੜ ਗਿਆ।

ਬਾਬਾ : ਮੈਨੂੰ ਜੇਲ੍ਹ ਵਿਚ ਨਾਲ ਦੇ ਇਕ ਪਿੰਡ ਦੇ ਹਵਾਲਾਤੀ ਨੇ ਦੱਸਿਆ ਕਿ ਮੱਜਣ ਤੇ ਇਲਮਾਂ ਆਪਸ ਵਿਚ ਲੜ ਪਏ ਨੇ, ਕੀ ਇਹ ਗੱਲ ਸੱਚੀ ਏ?

ਅਮਲੀ : ਸੱਚੀ ਬਾਬਾ ਜੀ, ਸੋਲਾਂ ਆਨੇ ਸੱਚੀ।

ਬਾਬਾ : ਨਹੀਂ ਨਾ ਆਈ ਰਾਸ ਉਹਨਾਂ ਨੂੰ ਇਹ ਰੁੱਖਾਂ ਦੀ ਛਾਂ! ਚਲਾ ਸਮਝਾਵਾਂਗਾ ਉਹਨਾਂ ਨੂੰ। ਆਉਂਦੇ ਨੇ ਕਦੀ ਏਧਰ?

ਅਮਲੀ : ਏਥੇ ਹੀ ਆਲੇ ਦੁਆਲੇ ਘੁੰਮਦੇ ਨੇ, ਹੋਰ ਕਿੱਧਰ ਉਨ੍ਹਾਂ ਦਾ ਜੀਅ ਲੱਗਦੈ? ਇਕ ਤਾਂ ਔਹ ਵੇਖੋ ਆਉਂਦਾ ਗਾਜ਼ੀ, ਹੱਥ ਵਿਚ ਕੁਹਾੜੀ ਚੁੱਕੀ।

(ਇਲਮਦੀਨ ਆਉਂਦਾ ਹੈ)

ਇਲਮਦੀਨ : ਪੈਰੀਂ ਪੈਨਾ ਹਾਂ ਬਾਬਾ ਜੀ।

ਬਾਬਾ : ਜੀਂਦਾ ਰਹੁ ਪੁੱਤਰਾ। ਅੱਜ ਕਿਰਤ ਦੇ ਹਥਿਆਰਾਂ ਦੀ ਥਾਂ ਇਹ ਕੁਹਾੜੀ ਕਿਉਂ ਚੁੱਕੀ ਹੋਈ ਏ?

ਇਲਮਦੀਨ : ਬਾਬਾ ਜੀ, ਦੁਸ਼ਮਣ ਦਾ ਕੀ ਇਤਬਾਰ? ਕਦੋਂ ਵਾਰ ਕਰ ਜਾਏ।

ਬਾਬਾ : ਪੁੱਤਰਾ, ਇਸੇ ਪਿੰਡ ਨੰਗਾ ਧੜੰਗਾ ਖੇਡਦਾ ਵੱਡਾ ਹੋਇਆ ਏਂ - ਹੁਣ ਇਥੇ ਕੇਹੜੇ ਦੁਸ਼ਮਣ ਪੈਦਾ ਹੋ ਗਏ ਨੇ?

ਇਲਮਦੀਨ : ਬਾਬਾ ਜੀ, ਇਹੋ ਤਾਂ ਮੇਰੀ ਗਲਤੀ ਏ ਕਿ ਮੈਂ ਦੁਸ਼ਮਣ ਨੂੰ ਮੱਜਣ ਸਮਝਦਾ ਰਿਹਾ ਹਾਂ।

ਅਮਲੀ : ਇਹ ਨਹੀਂ ਬਾਬਾ ਜੀ, ਇਹਦੇ ਵਿਚ ਮੌਲਵੀ ਫਜ਼ਲਦੀਨ ਬੋਲਦਾ ਏ।

ਬਾਬਾ : ਓਏ ਗੱਲ ਵਿਚੋਂ ਨੰਬਰਦਾਰੀ ਦੀ ਏ ਨਾ। ਮੈਂ ਮੱਜਣ ਨੂੰ ਕਹਾਂਗਾ ਕਿ ਉਹ ਦਰਖ਼ਾਸਤ ਵਾਪਸ ਲੈ ਲਵੇ। ਉਹ ਮੇਰੀ ਗੱਲ ਨਹੀਂ ਮੋੜਨ ਲੱਗਾ।

(ਮੱਜਣ ਨੰਗੀ ਕਿਰਪਾਨ ਚੁੱਕ ਕੇ ਆਉਂਦਾ ਹੈ)

ਮੱਜਣ : ਨਹੀਂ ਬਾਬਾ ਜੀ, ਹੁਣ ਇਹ ਨਹੀਂ ਹੋ ਸਕਦਾ। ਇਹ ਪੰਥ ਦੇ ਵਕਾਰ ਦੀ ਗੱਲ ਏ।

ਬਾਬਾ : ਓਏ ਇਹ ਕੀ ਬੋਲਦੈਂ?

ਅਮਲੀ : ਬਾਬਾ ਜੀ, ਇਹ ਨਹੀਂ ਬੋਲਦਾ, ਇਹਦੇ ਵਿਚ ਜੱਥੇਦਾਰ ਸੁੰਦਰ ਸਿੰਘ ਬੋਲਦਾ ਏ।

ਬਾਬਾ : ਓਏ ਤੁਸੀਂ ਇਲਮੇਂ ਤੇ ਮੱਜਣ ਤੋਂ ਦੀਨ ਤੇ ਪੰਥ ਕਦੋਂ ਦੇ ਬਣ ਗਏ?

ਇਲਮਦੀਨ : ਨਾ ਬਾਬਾ ਜੀ, ਇਹਨੂੰ ਸੋਹਣਾ ਸੀ ਕਿ ਈਦ ਵਾਲੇ ਦਿਨ ਸੂਰ ਮਾਰ ਕੇ ਮਸੀਤ ਅੱਗੇ ਸੁੱਟਦਾ?

ਬਾਬਾ : ਓਏ ਇਹ ਤੈਨੂੰ ਕੀਹਨੇ ਕਿਹਾ ਏ?

ਅਮਲੀ : ਮੌਲਵੀ ਫਜ਼ਲਦੀਨ ਨੇ। ਹੋਰ ਕਿਸਨੇ ਕਿਹਾ ਏ?

ਮੱਜਣ : ਨਾ ਬਾਬਾ ਜੀ, ਇਹਨੂੰ ਸੋਹਣਾ ਸੀ ਕਿ ਗੁਰਪੁਰਬ ਵਾਲੇ ਦਿਨ ਗਊ ਮਾਰ ਕੇ ਪੂਛ ਗੁਰਦੁਆਰੇ ਅੱਗੇ ਸੁੱਟਦਾ?

ਬਾਬਾ : ਇਹ ਤੈਨੂੰ ਕੀਹਨੇ ਦੱਸਿਆ ਏ?

ਅਮਲੀ : ਜੱਥੇਦਾਰ ਸੁੰਦਰ ਸਿੰਘ ਨੇ - ਹੋਰ ਕਿਸਨੇ?

ਇਲਮਦੀਨ : ਬਾਬਾ ਜੀ, ਮੈਂ ਏਨਾ ਕਮੀਨਾ ਨਹੀਂ ਕਿ ਗੁਰਪੁਰਬ ਵਾਲੇ ਦਿਨ ਇਹੋ ਜਿਹੀ ਹਰਕਤ ਕਰਾਂ।

ਮੱਜਣ : ਤੇ ਬਾਬਾ ਜੀ, ਮੈਂ ਵੀ ਏਨਾ ਕਮੀਨਾ ਨਹੀਂ ਕਿ ਈਦ ਵਾਲੇ ਦਿਨ ਸੂਰ ਮਾਰ ਕੇ ਮਸੀਤ ਅੱਗੇ ਸੁੱਟਾਂ।

ਬਾਬਾ : ਮੈਨੂੰ ਪਤਾ ਏ ਪੁੱਤਰੋ। ਮੱਜਣਾ, ਨਾ ਇਲਮਦੀਨ ਏਨਾ ਕਮੀਨਾ ਏ ਕਿ ਗੁਰਪੁਰਬ ਵਾਲੇ ਦਿਨ ਗਾਂ ਮਾਰੇ। ਤੇ ਇਲਮਦੀਨਾ, ਨਾ ਮੱਜਣ ਹੀ ਏਨਾ ਕਮੀਨਾ ਏ ਕਿ ਈਦ ਵਾਲੇ ਦਿਨ ਸੂਰ ਮਾਰੇ। ਇਹ ਤੁਹਾਡੇ ਸਾਂਝੇ ਦੁਸ਼ਮਣ ਦੀ ਚਾਲ ਏ, ਜਿਹੜਾ ਭਰਾ ਭਰਾ ਨੂੰ ਲੜਾ ਕੇ ਖੁਸ਼ ਏ। (ਦੋਨਾਂ ਦੇ ਹੱਥਾਂ ਵਿਚੋਂ ਹਥਿਆਰ ਪਕੜ ਕੇ) ਪੁਤਰੋ, ਇਹਨਾਂ ਹਥਿਆਰਾਂ ਨਾਲ ਤਾਂ ਤਕਦੀਰਾਂ ਬਦਲੀਦੀਆਂ ਨੇ, ਤੇ ਤੁਸੀਂ ਹੋ ਕਿ ਇਹਨਾਂ ਨੂੰ ਇਕ ਦੂਜੇ ਨੂੰ ਮਾਰਨ ਲਈ ਚੁੱਕ ਰਹੇ ਹੋ। ਪੁੱਤਰੋ, ਜੇ ਹਥਿਆਰ ਚੁੱਕਣੇ ਵੀ ਨੇ ਤਾਂ ਪਹਿਲਾਂ ਦੁਸ਼ਮਣ ਦੀ ਪਛਾਣ ਸਿੱਖੋ। (ਅਮਲੀ ਨੂੰ) ਕਿਉਂ ਆਲੂ ਸਿੰਘ, ਤੇਰੇ ਕੋਲ ਤਾਸ਼ ਹੈ?

ਅਮਲੀ : ਲਉ ਬਾਬਾ ਜੀ, ਜੇ ਸਾਡੇ ਕੋਲ ਤਾਸ਼ ਨਾ ਹੋਏਗੀ ਤਾਂ ਕੀ ਹੋਏਗਾ।

ਬਾਬਾ : (ਤਾਸ਼ ਲੈਂਦਾ ਹੋਇਆ) ਆਉ ਪੁੱਤਰੋ, ਤੁਹਾਨੂੰ ਅੱਜ ਜ਼ਿੰਦਗੀ ਦੀ ਤਾਸ਼ ਖੇਡਣੀ ਸਿਖਾਵਾਂ।

ਅਮਲੀ : ਸਿਖਾਉ ਬਾਬਾ ਜੀ, ਇਹਨਾਂ ਨੂੰ ਸਿਖਾਓ।

ਬਾਬਾ : (ਤਾਸ਼ ਵਿਚੋਂ ਦੁੱਕੀ ਕੱਢ ਕੇ) ਇਹ ਕੀ ਏ ?

ਦੋਨੋ : ਦੁੱਕੀ।

ਬਾਬਾ : (ਤਿੱਕੀ ਕੱਢਦੇ ਹੋਏ) ਦੁੱਕੀ ਨੂੰ ਮਾਰ ਕਰਦੀ ਏ ਤਿੱਕੀ। ਤੇ ਤਿੱਕੀ ਨੂੰ ਮਾਰ ਕਰਦੀ ਏ ਚੌਕੀ। (ਇਹ ਪੱਤੇ ਕੱਢਦਾ ਜਾਂਦਾ ਹੈ ਤੇ ਦਰਸ਼ਕਾਂ ਨੂੰ ਵਿਖਾਂਦਾ ਜਾਂਦਾ ਹੈ) ਚੌਕੀ ਨੂੰ ਪੰਜੀ, ਪੰਜੀ ਨੂੰ ਛਿੱਕੀ। ਇਸ ਤਰ੍ਹਾਂ ਹਰ ਨਿੱਕੇ ਨੂੰ ਵੱਡਾ ਕਾਟ ਕਰਦਾ ਏ। (ਦਹਿਲਾ ਕੱਢਦੇ ਹੋਏ) ਇਹ ਹੈ ਦਹਿਲਾ – ਦਸ ਟਿਮਕਣਿਆਂ ਵਾਲਾ। ਪਰ ਇਹ ਮਾਰ ਖਾਂਦਾ ਏ ਗੋਲੇ ਕੋਲੋਂ ਜੋ ਅੱਗੇ ਬੇਗ਼ਮ ਦਾ ਗ਼ੁਲਾਮ ਏ। ਤੇ ਬੇਗ਼ਮ ਦਾ ਜ਼ੋਰ ਇਸ ਲਈ ਹੈ ਕਿਉਂਕਿ ਉਹਦੇ ਪਿੱਛੇ ਬੈਠਾ ਏ ਬਾਦਸ਼ਾਹ। ਪਰ (ਯੱਕਾ ਕੱਢਦੇ ਹੋਏ) ਇਹ ਦੇਖਿਆ ਜੇ ਕੀ ਏ ?

ਸੱਜਣ : ਯੱਕਾ।

ਬਾਬਾ : ਤੂੰ ਦੱਸ ਇਲਮਦੀਨਾ ?

ਇਲਮਦੀਨ : ਯੱਕਾ।

ਬਾਬਾ : ਯੱਕੇ ਦਾ ਮਤਲਬ ਏ ਇੱਕਾ, ਇੱਕੇ ਦਾ ਮਤਲਬ ਏ 'ਏਕਾ' ਤੇ ਜੇ ਇਹ ਕੋਲ ਹੋਵੇ ਤਾਂ ਬੇਗ਼ਮਾਂ ਬਾਦਸ਼ਾਹਾਂ ਦੀ ਬਾਜ਼ੀ ਵੀ ਮਾਤ ਪੈ ਜਾਂਦੀ ਏ। ਇਹ ਹੈ ਜ਼ਿੰਦਗੀ ਦੀ ਤਾਸ਼। ਤੁਸੀਂ ਰੋਜ਼ ਤਾਸ਼ ਖੇਡਦੇ ਹੋ, ਪਰ ਹਾਲੇ ਤੱਕ ਏਕੇ ਦਾ ਮਤਲਬ ਨਹੀਂ ਸਮਝ ਸਕੇ।

(ਇਲਮਦੀਨ ਤੇ ਸੱਜਣ ਸਿਰ ਸੁੱਟਕੇ ਚਲੇ ਜਾਂਦੇ ਹਨ, ਬਾਬਾ ਉਨ੍ਹਾਂ ਦੇ ਹਥਿਆਰ ਵਾਪਸ ਫੜਾ ਦਿੰਦਾ ਹੈ)

ਬਾਬਾ : ਜਾਉ ਪੁੱਤਰੋ, ਤੇ ਸਾਰੀ ਗੱਲ ਸੋਚੋ।

ਅਮਲੀ : ਆਹੋ ਜਾਉ - ਘਰ ਜਾ ਕੇ ਹੱਥ ਮੂੰਹ ਧੋਵੋ। ਆ ਗਏ ਵੱਡੇ ਪੱਖੀ ਤੇ ਗਾਜ਼ੀ – ਨਲੀ-ਚੋਚੋ ਜਿਹੇ।

(ਦੋਨੋਂ ਜਾਂਦੇ ਹਨ)

ਅਮਲੀ : ਬਾਬਾ ਜੀ, ਜੇ ਤੁਸੀਂ ਨਾ ਸਮਝਾਉਂਦੇ ਤਾਂ ਪਤਾ ਨਹੀਂ ਇਹ ਹੋਰ ਕਿੰਨਾ ਉਜੜਦੇ। ਇਹ ਵੀ ਉਜੜਦੇ ਤੇ ਇਹ ਤੂਤ ਵੀ ਉਜੜਦੇ।

ਬਾਬਾ : ਆਲ੍ਹਾ ਸਿਆਂ - ਇਹਨਾਂ ਨੂੰ ਤਾਂ ਮੈਂ ਸਮਝਾ ਲਿਆ - ਮੇਰੇ ਹੱਥਾਂ ਵਿਚ ਪਲੇ ਸਨ, ਮੇਰੀ ਗੱਲ ਮੰਨ ਗਏ। ਪਰ ਦੇਸ਼ ਵਿਚ ਜੋ ਤੱਤੀ ਵਾਅ ਚੱਲ ਰਹੀ ਏ, ਉਹਦੇ ਤੋਂ ਇਹ ਤੂਤ ਕਿਵੇਂ ਬਚ ਸਕਣਗੇ? ਇਹ ਛਾਵਾਂ ਕਿੱਦਾਂ ਬਚਣਗੀਆਂ?

(ਹੌਲੇ ਹੌਲੇ ਫੇਡ ਆਊਟ। ਫਿਰ ਰੋਸ਼ਨੀ ਪੈਣ 'ਤੇ ਅਮਲੀ ਦਰਮਿਆਨ ਬੈਠਾ ਹੈ)

ਅਮਲੀ : (ਜ਼ਮੀਨ 'ਤੇ ਲੀਕ ਮਾਰ ਕੇ) ਅਮਲੀਆ, ਇਹ ਤਾਂ ਬਣ ਗਿਆ ਹਿੰਦੋਸਤਾਨ ਤੇ ਇਹ ਬਣ ਗਿਆ ਪਾਕਿਸਤਾਨ। ਤੂੰ ਦੱਸ ਕਿੱਥੇ ਜਾਵੇਂਗਾ ਅਮਲੀਆ ?

(ਸ਼ਾਹ ਅਤੇ ਸ਼ਾਹਣੀ ਪਾਕਿਸਤਾਨ ਵਾਲੇ ਪਾਸੇ ਤੋਂ ਹਿੰਦੋਸਤਾਨ ਵਾਲੇ ਪਾਸੇ ਨੱਸੇ ਜਾਂਦੇ ਹਨ)

ਅਮਲੀ : ਉਏ ਸ਼ਾਹ, ਕਿੱਧਰ ਨੱਸਿਆ ਜਾਂਦਾ ਏਂ ?

ਸ਼ਾਹ : ਉਏ ਅਮਲੀਆ, ਮੈਂ ਲੁੱਟਿਆ ਗਿਆ, ਮੈਂ ਤਬਾਹ ਹੋ ਗਿਆ। ਮੈਨੂੰ ਕੀ ਪਤਾ ਸੀ ਕਿ ਕੀ ਵਰਤੇਗਾ ?

ਅਮਲੀ : ਕੀ ਵਰਤੇਗਾ ? ਕਜ਼ਾਹ ? ਭਾਣਾ ਹੀ ਵਰਤਣਾ ਸੀ। ਨੱਸ ਜਾਹ, ਗਾਜ਼ੀ ਪਏ ਆਉਂਦੇ ਨੇ। (ਫਿਰ ਆਪਣੇ ਆਪ ਨਾਲ) ਚੱਲ ਅਮਲੀਆ, ਹੁਣ ਇਹ ਤੂਤ ਤੇਰੇ ਨਹੀਂ।

(ਬੜੇ ਅਰਮਾਨ ਨਾਲ ਵੇਖਦੇ ਹੋਏ ਬਾਹਰ ਜਾਂਦਾ ਹੈ। ਦੂਜੇ ਪਾਸੇ ਤੋਂ ਇਲਮਦੀਨ ਤੇ ਸੱਜਣ ਆਉਂਦੇ ਹਨ ਸਟੇਜ ਦੇ ਇਕ ਸਿਰੇ ਤੋਂ ਦੂਜੇ ਸਿਰੇ ਜਾਂਦੇ ਹਨ)

ਸੱਜਣ : ਅੱਛਾ ਤੁਸੀਂ ਹੁਣ ਜਾਓ।

ਇਲਮਦੀਨ : ਸੱਜਣਾ, ਕੀ ਬਣ ਗਿਆ ਉਏ, ਆਪਾਂ ਜਿਉਂਦੇ ਹੀ ਵਿੱਛੜ ਗਏ। ਮਾਰ ਲਿਆ ਸਾਨੂੰ ਇਹਨਾ ਲੀਡਰਾਂ ਨੇ।

ਸੱਜਣ : ਹੌਸਲਾ ਕਰ ਇਲਮਦੀਨਾਂ, ਆਪਣੇ ਕੁੱਝ ਵੱਸ ਏ ?

ਇਲਮਦੀਨ : ਇਲਮਾਂ ਆਖ ਉਏ ਪਾਪੀਆ, ਇਲਮਦੀਨ ਤਾਂ ਤੁਹਾਡੇ ਨਾਲ ਬੇਵਫ਼ਾਈ ਕਰ ਗਿਆ ਸੀ। ਉਹਦਾ ਨਾਂ ਨਾ ਲੈ।

(ਘੁੱਟਕੇ ਜੱਫੀ ਵਿੱਚ ਮਿਲਦੇ ਹਨ, ਬਾਬਾ ਆਉਂਦਾ ਹੈ)

ਬਾਬਾ : ਰੋਵੋ ਨਾ ਮੇਰੇ ਪੁੱਤਰੋ। ਕੀ ਹੋਇਆ ਜੇ ਇਹ ਤੂਤ ਅੱਜ ਵੰਡੇ ਗਏ ਨੇ। ਪਰ ਇਹ ਬਾਬੇ ਨਾਨਕ ਦੀ ਧਰਤੀ ਏ, ਵਾਰਸ ਦੀ ਧਰਤੀ ਏ। ਇਹ ਤੂਤ ਸਦਾ ਹਰੇ ਰਹਿਣਗੇ ਤੇ ਇਹਨਾਂ ਦੀਆਂ ਠੰਡੀਆਂ ਹਵਾਵਾਂ ਸਾਨੂੰ ਠੰਡ ਪਾਉਂਦੀਆਂ ਰਹਿਣਗੀਆਂ।

(ਹੌਲੀ ਹੌਲੀ ਫੇਡ ਆਊਟ ਹੁੰਦਾ ਹੈ। ਬਾਬਾ, ਸੱਜਣ ਇਕ ਪਾਸੇ ਅਤੇ ਇਲਮਦੀਨ ਦੂਜੇ ਪਾਸੇ ਜਾਂਦੇ ਹਨ। ਇਸ ਦੌਰਾਨ ਪਰਦੇ ਦੇ ਪਿੱਛੋਂ ਹੀਰ-ਵਾਰਿਸ ਵਿਚੋਂ ਇਹ ਲਾਈਨਾਂ ਬੋਲੀਆਂ ਜਾਂਦੀਆਂ ਹਨ:

ਤੇਰੇ ਰੁੱਖ ਦੀ ਛਾਂ ਦੇ ਹੇਠ ਬਾਬਲ, ਘੜੀ ਵਾਂਗ ਮੁਸਾਫ਼ਰਾਂ ਬਹਿ ਚਲੇ ਵੇ
ਸਾਰੇ ਰੰਨੀਆਂ ਸਾਡੀਆਂ ਫੋਲ ਵੇਖੋ, ਅਸੀਂ ਨਾਲ ਤਾਂ ਕੁਝ ਨਹੀਂ ਲੈ ਚਲੇ ਵੇ...)

● (PUNJAB, INDIA)

ਫਿਲਮ ਰੀਵੀਊ:

# ਮੰਥਨ

ਵੈਨਕੂਵਰ ਸੱਥ ( ਸੁਖਵੰਤ ਹੁੰਦਲ, ਸਾਧੂ )

ਮੰਥਨ ਗੁਜਰਾਤ ਦੇ ਇਕ ਪਿੰਡ ਦੀ ਕਹਾਣੀ ਹੈ। ਉਂਜ ਇਹ ਹਿੰਦੁਸਤਾਨ ਦੇ ਕਿਸੇ ਵੀ ਪਿੰਡ ਦੀ ਕਹਾਣੀ ਹੋ ਸਕਦੀ ਹੈ। ਸਰਕਾਰੀ ਸਕੀਮ ਅਧੀਨ ਇਕ ਪਸ਼ੂਆਂ ਦਾ ਡਾਕਟਰ ਅਤੇ ਉਸਦੇ ਸਾਥੀ ਦੁੱਧ ਦਾ ਉਤਪਾਦਨ ਕਰਨ ਵਾਲੇ ਲੋਕਾਂ ਦੀ ਇਕ ਕੋ-ਆਪਰੇਟਿਵ ਸੁਸਾਇਟੀ ਸਥਾਪਤ ਕਰਨ ਇਸ ਪਿੰਡ ਵਿਚ ਆਉਂਦੇ ਹਨ। ਇਸ ਸਮੇਂ ਦੌਰਾਨ ਉਨ੍ਹਾਂ ਦਾ ਜਿਸ ਤਰ੍ਹਾਂ ਦੇ ਹਾਲਾਤਾਂ ਅਤੇ ਮੁਸ਼ਕਲਾਂ ਨਾਲ ਵਾਹ ਪੈਂਦਾ ਹੈ, ਉਸ ਦਾ ਇਹ ਫਿਲਮ ਇਕ ਵਧੀਆ ਚਿਤਰਨ ਹੈ। ਇਸ ਪਿੰਡ ਵਿਚ ਉਨ੍ਹਾਂ ਨੂੰ ਤਿੰਨ ਤਰ੍ਹਾਂ ਦੇ ਲੋਕ ਮਿਲਦੇ ਹਨ। ਇਕ ਹੈ: ਉਸ ਪਿੰਡ ਵਿਚਲੀ ਇਕੋ ਇਕ ਡੇਅਰੀ ਦਾ ਮਾਲਕ ਜੋ ਲੋਕਾਂ ਤੋਂ ਸਸਤੇ ਭਾਅ ਦੁੱਧ ਖਰੀਦ ਅਥਾਹ ਮੁਨਾਫ਼ਾ ਕਮਾਉਂਦਾ ਹੈ। ਦੂਜਾ ਹੈ: ਉਸ ਪਿੰਡ ਦਾ ਸਰਪੰਚ ਜੋ ਪਿੰਡ ਵਿਚਲੀ ਉੱਚੀ ਜਾਤ ਦਾ ਵੀ ਮੁਖੀ ਹੈ। ਉਸ ਦੀ ਪਿੰਡ ਤੋਂ ਉਪਰਲੀ ਸਿਆਸਤ ਵਿਚ ਸਰਗਰਮ ਧੀਦਿਆਂ ਨਾਲ ਜਾਣ ਪਛਾਣ ਹੈ। ਉਸ ਕੋਲ ਪੱਚੀ ਦੇ ਕਰੀਬ ਦੁੱਧ ਦੇਣ ਵਾਲੀਆਂ ਮੱਝਾਂ ਹਨ, ਜੋ ਕੋ-ਆਪਰੇਟਿਵ ਸੁਸਾਇਟੀ ਨੂੰ ਆਪਣੇ ਫ਼ਾਇਦੇ ਲਈ ਵਰਤਣਾ ਚਾਹੁੰਦਾ ਹੈ। ਤੀਜੇ ਹਨ: ਉਸ ਪਿੰਡ ਦੇ ਹਰੀਜਨ, ਜਿਨ੍ਹਾਂ ਕੋਲ ਇਕ ਇਕ ਮੱਝ ਹੈ ਅਤੇ ਜੇ ਕੋ-ਆਪਰੇਟਿਵ ਸੁਸਾਇਟੀ ਬਣ ਜਾਵੇ ਤਾਂ ਇਸ ਦਾ ਸਹੀ ਫਾਇਦਾ ਉਨ੍ਹਾਂ ਨੂੰ ਹੋਣਾ ਹੈ ਪਰ ਸਦੀਆਂ ਤੋਂ ਦਬਾਏ ਹੋਣ ਕਾਰਨ ਪਹਿਲਾਂ ਪਹਿਲ ਕੋ-ਆਪਰੇਟਿਵ ਦੇ ਮੈਂਬਰ ਬਣਨ ਤੋਂ ਹਿਚਕਚਾਉਂਦੇ ਹਨ।

ਕੋ-ਆਪਰੇਟਿਵ ਸੁਸਾਇਟੀ ਸਥਾਪਤ ਹੋਣ ਨਾਲ ਡੇਅਰੀ ਮਾਲਕ ਦੇ ਮੁਨਾਫ਼ੇ ਵਿਚ ਸਿੱਧਾ ਫ਼ਰਕ ਪੈਂਦਾ ਹੈ। ਇਸ ਲਈ ਉਹ ਡਾਕਟਰ ਨੂੰ ਪਹਿਲਾਂ ਗੱਲਾਂ ਗੱਲਾਂ ਵਿਚ ਸਮਝਾਉਣਾ ਚਾਹੁੰਦਾ ਹੈ ਕਿ ਉਹ ਇਸ ਚੱਕਰ ਵਿਚ ਨਾ ਪਵੇ। ਪਰ ਜਦੋਂ ਡਾਕਟਰ ਆਪਣੇ ਫੈਸਲੇ 'ਤੇ ਦ੍ਰਿੜ੍ਹ ਰਹਿੰਦਾ ਹੈ ਤਾਂ ਉਹ ਉਸਨੂੰ ਆਦਰਸ਼ਵਾਦੀ ਕਹਿੰਦਾ ਹੈ। ਉਸਨੂੰ ਯਕੀਨ ਹੈ ਕਿ ਇਸ ਪਿੰਡ ਵਿਚ ਕੋ-ਆਪਰੇਟਿਵ ਸੁਸਾਇਟੀ ਨਹੀਂ ਬਣ ਸਕਦੀ ਤੇ ਜਦੋਂ ਡਾਕਟਰ ਦੇ ਸਿਰ ਤੋਂ ਆਦਰਸ਼-ਵਾਦ ਦਾ ਭੂਤ ਲਹਿ ਜਾਵੇਗਾ, ਉਹ ਆਪੇ ਸਭ ਕੁਝ ਛੱਡ ਛੁਡਾ ਕੇ ਚਲਾ ਜਾਵੇਗਾ। ਪਰ ਇਸ ਤਰ੍ਹਾਂ ਨਹੀਂ ਹੁੰਦਾ। ਪਿੰਡ 'ਚ ਕੋ-ਆਪਰੇਟਿਵ ਸੁਸਾਇਟੀ ਸਥਾਪਤ ਹੋ ਜਾਂਦੀ ਹੈ। ਫਿਰ ਉਹ ਆਪਣੇ ਅਸਲੀ ਹੱਥ-ਕੰਡਿਆਂ ਉਪਰ ਆ ਜਾਂਦਾ ਹੈ। ਪਿੰਡ ਦੀ ਇਕ ਔਰਤ ਤੋਂ ਡਾਕਟਰ ਵਿਰੁੱਧ ਬਲਾਤਕਾਰ ਦਾ ਝੂਠਾ ਇਲਜ਼ਾਮ ਲਵਾ ਉਸਨੂੰ ਬਲੈਕਮੇਲ ਕਰਨ ਦੀ ਕੋਸ਼ਿਸ਼ ਕਰਦਾ ਹੈ। ਸਰਪੰਚ ਨਾਲ ਮਿਲ ਹਰੀਜਨਾਂ ਦੀ ਬਸਤੀ ਨੂੰ ਅੱਗ ਲਵਾ ਦਿੰਦਾ ਹੈ। ਦੂਜੇ ਦਿਨ ਸੜ ਚੁੱਕੇ ਘਰਾਂ ਕਾਰਨ ਬੇਘਰ ਹੋਏ ਲੋਕਾਂ ਨੂੰ ਕੱਪੜੇ ਅਤੇ ਖਾਣਾ ਦੇ ਕੇ ਉਨ੍ਹਾਂ ਨੂੰ ਕੋ-ਆਪਰੇਟਿਵ ਨਾਲੋਂ ਤੋੜਨਾ ਚਾਹੁੰਦਾ ਹੈ। ਇਸ ਦੰਗੇ ਵਿਚ ਹਵਾਲਾਤ 'ਚ ਬੰਦ ਕੀਤੇ ਹਰੀਜਨਾਂ ਨੂੰ ਆਪਣੀ ਜ਼ਮਾਨਤ 'ਤੇ ਛੁਡਾ ਕੇ ਇਕ ਹੋਰ ਅਹਿਸਾਨ ਕਰਦਾ ਹੈ।

ਕੋ-ਆਪਰੇਟਿਵ ਦੀ ਸਥਾਪਨਾ ਨਾਲ ਸਰਪੰਚ ਨੂੰ ਦੁੱਧ ਦੀ ਕੀਮਤ ਜ਼ਿਆਦਾ ਮਿਲਦੀ ਹੈ ਇਸ ਲਈ ਉਹ ਇਸਦਾ ਮੈਂਬਰ ਬਣ ਜਾਂਦਾ ਹੈ। ਪਰ ਕੋ-ਆਪਰੇਟਿਵ ਵਿਚ ਪਿੰਡ ਦੇ ਹਰੀਜਨ ਮੈਂਬਰਾਂ ਨੂੰ ਵੀ ਉਸ ਦੇ ਬਰਾਬਰ ਦੇ ਅਧਿਕਾਰ ਹੋਣ ਇਸ ਗੱਲ ਦੀ ਉਸਨੂੰ ਤਕਲੀਫ਼ ਹੈ। ਉਸਦੇ ਖ਼ਿਆਲ ਵਿਚ ਛੋਟੇ ਵੱਡੇ ਦੀ ਹੋਂਦ ਕਰਕੇ ਹੀ ਅਨੁਸ਼ਾਸਨ ਕਾਇਮ ਰੱਖਿਆ ਜਾ ਸਕਦਾ ਹੈ। ਕੋ-ਆਪਰੇਟਿਵ ਸੁਸਾਇਟੀ ਦੇ ਮੁੱਖੀ ਦੀ ਪਦਵੀ 'ਤੇ ਉਹ ਆਪਣਾ ਜਨਮ-ਸਿੱਧ ਅਧਿਕਾਰ ਸਮਝਦਾ ਹੈ। ਪਰ ਇਸ ਪਦਵੀ ਦੀ ਚੋਣ ਸਮੇਂ ਇਕ ਹਰੀਜਨ ਚੋਣ ਜਿੱਤ ਜਾਂਦਾ ਹੈ। ਇਸ ਸਮੇਂ ਸਰਪੰਚ ਦੇ ਡਾਕਟਰ ਅੱਗੇ ਤਰਲੇ, ਧਮਕੀਆਂ ਸਿਆਸਤ ਦੇ ਪੁਰਾਣੇ ਥੰਮਾਂ ਦੇ ਖੋਖਲੇਪਣ ਦਾ ਬਹੁਤ ਹੀ ਵਧੀਆ ਨਮੂਨਾ ਹੈ। ਇਸ ਹਾਰ ਤੋਂ ਬਾਅਦ ਉਹ ਆਪਣੀ ਅਸਲੀ ਥਾਂ ਡੇਅਰੀ ਦੇ ਮਾਲਕ ਵੱਲ ਹੋ ਜਾਂਦਾ ਹੈ।

ਹਰੀਜਨਾਂ ਦਾ ਪਹਿਲਾਂ ਪਹਿਲ ਸ਼ਹਿਰੋਂ ਆਏ ਇਨ੍ਹਾਂ ਲੋਕਾਂ ਉਪਰ ਯਕੀਨ ਨਹੀਂ ਬੱਝਦਾ ਕਿਉਂਕਿ ਹੁਣ ਤੱਕ ਜੋ ਕੋਈ ਸ਼ਹਿਰੀਆ ਪਿੰਡ ਵਿਚ ਆਇਆ ਹੈ ਉਸ ਹਰੀਜਨਾਂ ਨਾਲ ਧੋਖਾ ਹੀ ਕੀਤਾ ਹੈ। ਪਰ ਹੌਲੀ ਹੌਲੀ ਹਰੀਜਨਾਂ ਦਾ ਇਨ੍ਹਾਂ ਸ਼ਹਿਰੀਆਂ ਉਪਰ ਯਕੀਨ ਬੱਝਦਾ ਹੈ। ਉਨ੍ਹਾਂ ਨੂੰ ਪਤਾ ਲੱਗਦਾ ਹੈ ਕਿ ਕੋ-ਆਪਰੇਟਿਵ ਸੁਸਾਇਟੀ ਦਾ ਅਸਲੀ ਫ਼ਾਇਦਾ ਉਨ੍ਹਾਂ ਨੂੰ ਹੋਣਾ ਹੈ, ਇਸ ਲਈ ਉਹ ਇਸ ਵਿਚ ਸ਼ਾਮਲ ਹੁੰਦੇ ਹਨ। ਫਿਰ ਵੀ ਕੋ-ਆਪਰੇਟਿਵ ਸੁਸਾਇਟੀ ਦੇ ਪ੍ਰਮੁੱਖ ਦੀ ਚੋਣ ਸਮੇਂ ਪਹਿਲਾਂ ਪਹਿਲ ਉਨ੍ਹਾਂ ਵਿਚੋਂ ਕੋਈ ਵੀ ਇਲੈਕਸ਼ਨ ਲੜਨ ਲਈ ਤਿਆਰ ਨਹੀਂ। ਪਰ ਜਦੋਂ ਉਨ੍ਹਾਂ ਵਿਚੋਂ ਇਕ (ਭੋਲਾ) ਉਨ੍ਹਾਂ ਨੂੰ ਇਹ ਸਮਝਾਉਂਦਾ ਹੈ ਕਿ ਜੇ ਕੋ-ਆਪਰੇਟਿਵ ਸੁਸਾਇਟੀ ਦਾ ਪ੍ਰਮੁੱਖ ਸਰਪੰਚ ਨੂੰ ਚੁਣਨਾ ਹੈ ਤਾਂ ਹਰੀਜਨਾਂ ਨੂੰ ਇਸ ਦਾ ਕੋਈ ਫ਼ਾਇਦਾ ਨਹੀਂ ਹੋਣਾ, ਸਗੋਂ ਖੂਹ ਵਿਚੋਂ ਨਿਕਲ ਕੇ ਖਾਤੇ ਵਿਚ ਡਿੱਗਣ ਵਾਲੀ ਗੱਲ ਹੈ ਤਾਂ ਉਹ ਇਸ ਲਈ ਚੋਣ ਲੜਨ ਦਾ ਫੈਸਲਾ ਕਰਦੇ ਹਨ ਅਤੇ ਚੋਣ ਜਿੱਤ ਜਾਂਦੇ ਹਨ। ਇਸ ਤਰ੍ਹਾਂ ਕੋ-ਆਪਰੇਟਿਵ ਸੁਸਾਇਟੀ ਦੀ ਸਥਾਪਨਾ ਨਾਲ ਸਰਪੰਚ ਅਤੇ ਡੇਅਰੀ ਮਾਲਕ ਨੂੰ ਵੱਖਰੇ ਵੱਖਰੇ ਨੁਕਸਾਨ ਪਹੁੰਚਦੇ ਹਨ। ਸਰਪੰਚ ਉਪਰਲੀ ਸਿਆਸਤ ਵਿਚ ਆਪਣੇ ਗੰਢ-ਜੋੜਾਂ ਦੀ ਮੱਦਦ ਨਾਲ ਡਾਕਟਰ ਦੇ ਉਥੋਂ ਵਾਪਸ ਜਾਣ ਦੇ ਆਰਡਰ ਲੈ ਆਉਂਦਾ ਹੈ। ਉਹ ਵਾਪਸ ਚਲਾ ਜਾਂਦਾ ਹੈ। ਪਿੰਡ ਦੇ ਲੋਕ ਉਸਦੇ ਜਾਣ ਨਾਲ ਕੋ-ਆਪਰੇਟਿਵ ਸੁਸਾਇਟੀ ਦਾ ਖ਼ਾਤਮਾ ਸਮਝ ਫਿਰ ਡੇਅਰੀ ਮਾਲਕ ਕੋਲ ਦੁੱਧ ਵੇਚਣ ਜਾਂਦੇ ਹਨ। ਡੇਅਰੀ ਮਾਲਕ ਵੀ ਕੋ-ਆਪਰੇਟਿਵ ਸੁਸਾਇਟੀ ਦਾ ਖ਼ਾਤਮਾ ਸਮਝ ਦੁੱਧ ਦਾ ਭਾਅ, ਜਿਹੜਾ ਪਹਿਲਾਂ ਕੋ-ਆਪਰੇਟਿਵ ਸੁਸਾਇਟੀ ਨੂੰ ਫੇਲ੍ਹ ਕਰਨ ਲਈ ਵੱਧ ਮੁਕੱਰਰ ਕੀਤਾ ਸੀ, ਨੂੰ ਘਟਾ ਕੇ ਫਿਰ ਪਹਿਲਾਂ ਵਾਲੀ ਥਾਂ ਲੈ ਆਉਂਦਾ ਹੈ। ਇਸ ਸਮੇਂ ਹਰੀਜਨ ਪਾਤਰ ਭੋਲਾ ਬਾਕੀ ਦੇ ਹਰੀਜਨਾਂ ਨੂੰ ਆ ਕੇ ਸਮਝਾਉਂਦਾ ਹੈ ਕਿ ਡਾਕਟਰ ਦੇ ਚਲੇ ਜਾਣ ਨਾਲ ਕੋ-ਆਪਰੇਟਿਵ ਸੁਸਾਇਟੀ ਦਾ ਖ਼ਾਤਮਾ ਨਹੀਂ ਹੋਇਆ। ਸੁਸਾਇਟੀ ਦੀ ਹੋਂਦ ਡਾਕਟਰ ਕਰਕੇ ਨਹੀਂ, ਸਗੋਂ ਦੁੱਧ ਪੈਦਾ ਕਰਨ ਵਾਲੇ ਉਸਦੇ ਮੈਂਬਰਾਂ ਕਰਕੇ ਹੈ। ਉਹ ਉਨ੍ਹਾਂ ਨੂੰ ਯਕੀਨ ਦੁਆਉਂਦਾ ਹੈ ਕਿ ਅੱਗੇ ਤੋਂ ਉਹ ਸੱਭ ਮਿਲ ਕੇ ਕੋ-ਆਪਰੇਟਿਵ ਸੁਸਾਇਟੀ ਚਲਾਉਣਗੇ। ਇਸ ਤਰ੍ਹਾਂ ਇਸ ਫਿਲਮ ਦਾ ਅੰਤ ਹੁੰਦਾ ਹੈ।

ਫਿਲਮ ਦੀ ਇਹ ਸਾਰੀ ਕਹਾਣੀ ਬਹੁਤ ਹੀ ਖ਼ੂਬਸੂਰਤ ਅਤੇ ਦਿਲਚਸਪ ਢੰਗ ਨਾਲ ਵਿਖਾਈ ਗਈ ਹੈ। ਫਿਲਮ ਦਾ ਹਰ ਇਕ ਸੈਕਿੰਡ ਕੋਈ ਨਾ ਕੋਈ ਗੱਲ ਕਹਿੰਦਾ ਹੈ ਅਤੇ ਕੋਈ ਵੀ ਦ੍ਰਿਸ਼ ਫਾਲਤੂ ਨਹੀਂ ਜਾਪਦਾ। ਇਸ ਦਾ ਸੰਗੀਤ ਦੂਜੀਆਂ ਫਿਲਮਾਂ ਵਾਂਗ ਓਪਰਾ ਨਹੀਂ ਜਾਪਦਾ। ਪਿੰਡ ਦੇ ਮਾਹੌਲ ਵਿਚ ਪੇਂਡੂ ਸੰਗੀਤ ਸ਼ਾਮਲ ਹੈ ਨਾ ਕਿ ਪੱਛਮ ਦਾ ਸ਼ੋਰ ਪਾਉਂਦਾ ਸੰਗੀਤ। ਜਿਥੇ ਇਕ ਫਿਲਮ ਦਰਸ਼ਕਾਂ ਦਾ ਪੂਰਾ ਮਨੋਰੰਜਨ ਕਰਨ ਦੇ ਯੋਗ ਹੈ ਉਥੇ ਇਸ ਵਿਚ ਇਕ ਸੁਨੇਹਾ ਵੀ ਹੈ ਕਿ ਜੇਕਰ ਆਮ ਲੋਕ ਇਕੱਠੇ ਹੋ ਜਾਣ ਤਾਂ ਉਹ ਆਪਣੀ ਜ਼ਿੰਦਗੀ ਨੂੰ ਬੇਹਤਰ ਬਣਾ ਸਕਦੇ ਹਨ। ਇਸ ਲਈ ਇਹ ਫਿਲਮ ਹਰ ਇਕ ਮਜ਼ਦੂਰ, ਮਜ਼ਦੂਰਾਂ ਦਾ ਹਿੱਤ ਰੱਖਣ ਵਾਲੇ ਲੋਕਾਂ, ਲੋਕਾਂ ਦਾ

(ਬਾਕੀ ਸਫ਼ਾ 28)

# ਖੁੱਲ੍ਹਾ ਵਿਚਾਰੀਏ ...!

( ਹਰਦੇਵ ਸਿੰਘ )

ਪੰਜਾਬ ਜਾਂ ਹਿੰਦੋਸਤਾਨ ਦੇ ਮਸਲੇ ਨੂੰ ਸਮੁੱਚੀ ਦੁਨੀਆਂ ਦੇ ਸੰਦਰਭ ਵਿਚ ਰੱਖ ਕੇ ਵੇਖਿਆਂ ਅੱਜ ਦੀ ਸਮੱਸਿਆ ਨੂੰ ਸਮਝਣਾ ਕਾਫੀ ਸੁਖਾਲਾ ਵੀ ਹੋ ਜਾਂਦਾ ਹੈ ਅਤੇ ਆਪਣੀ ਸਹੀ ਸੇਧ ਵੱਲ ਵਧਣ ਲਈ ਕਾਫੀ ਪ੍ਰੇਰਣਾ ਵੀ ਮਿਲਦੀ ਹੈ। ਅੱਜ ਜਿੰਨਾਂ ਮੁਲਕਾਂ ਵਿਚ ਸਰਮਾਏਦਾਰੀ ਦੀਆਂ ਰਖੇਲ ਸਰਕਾਰਾਂ ਚੱਲ ਰਹੀਆਂ ਹਨ, ਉਨ੍ਹਾਂ ਸਾਰੇ ਮੁਲਕਾਂ ਵਿਚ ਹੀ ਛੋਟੇ ਜਾਂ ਵੱਡੇ ਪੈਮਾਨੇ 'ਤੇ ਲੋਕ ਜੋ ਕਾਫੀ ਸਮੇਂ ਤੋਂ ਇਹਨਾਂ ਦੀ ਲੁੱਟ ਦਾ ਸ਼ਿਕਾਰ ਹੁੰਦੇ ਰਹੇ ਹਨ, ਆਪਣੇ ਆਪ ਨੂੰ ਅਵਾਮੀ ਜੱਥੇਬੰਦੀਆਂ ਵਿਚ ਲਾਮਬੰਦ ਕਰਕੇ ਇਕ ਤਕੜਾ ਸਰਕਾਰ ਵਿਰੋਧੀ ਉਭਾਰ ਪੈਦਾ ਕਰ ਰਹੇ ਹਨ, ਜਿਹੜਾ ਕਿ ਇਹਨਾਂ ਸਰਕਾਰਾਂ ਦੇ ਅਣ-ਮਨੁੱਖੀ ਕਾਰਨਾਮਿਆਂ ਨਾਲ ਵੀ ਦਬਾਇਆ ਨਹੀਂ ਜਾ ਰਿਹਾ, ਸਗੋਂ ਦਿਨੋ ਦਿਨ ਪਰਚੰਡ ਹੋ ਕੇ ਅੱਗੇ ਵਧ ਰਿਹਾ ਹੈ। ਅੱਜ ਇਸ ਦੀਆਂ ਸਾਡੇ ਕੋਲ ਐਲ-ਸਲਵਾਡੋਰ, ਫਿਲਪੀਨ ਅਤੇ ਸਾਊਥ ਅਫਰੀਕਾ ਵਰਗੇ ਮੁਲਕਾਂ ਦੀਆਂ ਉਦਾਹਰਣਾਂ ਹਨ ਜਿੱਥੇ ਹਜ਼ਾਰਾਂ ਕੁਰਬਾਨੀਆਂ ਅਤੇ ਲੰਬੇ ਸੰਘਰਸ਼ ਤੋਂ ਬਾਅਦ ਘੋਲ ਫੈਸਲਾ-ਕੁਨ ਪੜਾਅ 'ਤੇ ਆ ਖੜ੍ਹੇ ਹਨ, ਜਿਸ ਵਿਚ ਲੋਕਾਂ ਦੀ ਜਿੱਤ ਯਕੀਨੀ ਹੈ। ਕਈ ਹੋਰ ਮੁਲਕਾਂ ਵਿਚ ਜਿੱਥੇ ਅਮਰੀਕਾ ਦੀ ਬਦਨਾਮ ਜੱਥੇਬੰਦੀ ਸੀ.ਆਈ.ਏ. ਨੇ ਸਿੱਧੇ ਤੌਰ 'ਤੇ ਦਖਲ ਅੰਦਾਜ਼ੀ ਕਰਕੇ ਸਰਕਾਰਾਂ ਤੋੜੀਆਂ ਸਨ, ਜਿਵੇਂ ਕਿ ਇੰਡੋਨੇਸ਼ੀਆ ਜਾਂ ਚਿੱਲੀ ਆਦਿ, ਅੱਜ ਉਥੇ ਫਿਰ ਲੋਕ-ਸ਼ਕਤੀਆਂ ਉਭਾਰ ਫੜ ਰਹੀਆਂ ਹਨ। ਇਥੇ ਹੀ ਬੱਸ ਨਹੀਂ, ਸਰਮਾਏਦਾਰ ਜੁੰਡਲੀ ਦਾ ਮੋਢੀ ਅਤੇ ਆਪਣੇ ਆਪ ਨੂੰ ਹਿਊਮਨ ਰਾਈਟਸ ਦਾ ਝੰਡਾ ਬਰਦਾਰ ਕਹਾਉਣ ਵਾਲਾ ਰੀਗਨ ਨਿਕਾਰਾਗੋਆ ਦੀ ਲੋਕ-ਪੱਖੀ ਸਰਕਾਰ ਨੂੰ ਚੰਦ ਕੁ ਉਥੋਂ ਦੇ ਬਿਰਲਿਆਂ ਸੰਗ ਰਲਕੇ ਖ਼ਤਮ ਕਰਨ ਦੇ ਮਨਸੂਬੇ ਘੜ ਰਿਹਾ ਹੈ। ਕਿਉਂਕਿ ਕਿਊਬਾ ਤੋਂ ਬਾਅਦ ਦੱਖਣੀ ਅਮਰੀਕਾ ਵਿਚ ਛੇਤੀ ਹੀ ਇਕ ਹੋਰ ਮੁਲਕ ਦੇ ਆਪਣੇ ਆਪ ਨੂੰ ਪ੍ਰੋਲੇਤਾਰੀ ਦੀ ਡਿਕਟੇਟਰਸ਼ਿੱਪ ਥੱਲੇ ਮਜ਼ਬੂਤ ਕਰ ਲੈਣ ਨੂੰ ਅਮਰੀਕੀ ਸਾਮਰਾਜ ਆਪਣੀ ਲੱਕ-ਤੋੜਵੀਂ ਹਾਰ ਸਮਝਦਾ ਹੈ। ਇਹ ਸਾਮਰਾਜ ਉਥੇ ਸਿੱਧੀ ਦਖਲ-ਅੰਦਾਜ਼ੀ ਕਰਨ ਵਾਸਤੇ ਸਾਧਾਰਨ ਲੋਕਾਂ ਦਾ ਹੁੰਗਾਰਾ ਆਪਣੇ ਹੱਕ ਵਿਚ ਭੁਗਤਾਣ ਲਈ ਹੋਰ ਵੀ ਬੇਸ਼ਰਮੀ ਦੀ ਹੱਦ ਟੱਪ ਗਿਆ ਹੈ ਕਿ 'ਜੇ ਅਸੀਂ ਇਹ ਕੁੱਝ ਨਾ ਕੀਤਾ ਤਾਂ ਰੂਸ ਦਾ ਪ੍ਰਭਾਵ ਸਾਡੇ ਖੇਤਰ ਵਿਚ ਵਧ ਜਾਵੇਗਾ।' ਪਰ ਅਸੀਂ ਇਹ ਗੱਲ ਕਹਿੰਦੇ ਹਾਂ ਕਿ ਰੂਸ ਦੀ ਲੋੜ ਤੋਂ ਪਹਿਲਾਂ ਨਿਕਾਰਾਗੋਆ ਦੇ ਲੋਕਾਂ ਦੀ ਆਪਣੀ ਜ਼ਰੂਰਤ ਹੈ, ਇਸੇ ਕਰਕੇ ਹੀ ਉਨ੍ਹਾਂ ਤਰਕ ਲੋਕਾਂ ਦਾ ਏਕਾ, ਆਪਣੇ ਮੁਲਕ ਪ੍ਰਤੀ ਪਿਆਰ ਅਤੇ ਆਪਣੀ ਲੀਡਰਸ਼ਿੱਪ ਵਿਚ ਪੂਰਨ ਵਿਸ਼ਵਾਸ਼ ਰੀਗਨ ਸਰਕਾਰ ਅੱਗੇ ਦੀਵਾਰ ਸਾਬਤ ਹੋ ਰਿਹਾ ਹੈ।

ਸਪਸ਼ਟ ਹੈ ਕਿ ਜਿੱਥੇ ਵੀ ਸਰਮਾਏਦਾਰੀ ਦੀਆਂ ਰਖੇਲ ਸਰਕਾਰਾਂ ਲੋਕਾਂ ਦੇ ਆਰਥਕ ਜਾਂ ਰਾਜਨੀਤਕ ਜਾਂ ਸਮਾਜਕ ਮਸਲੇ ਹੱਲ ਕਰਨ ਤੋਂ ਅਸਮਰੱਥ ਹੋ ਜਾਂਦੀਆਂ ਹਨ ਉਥੇ ਲੋਕ ਉਭਾਰ ਨੂੰ ਫੈਸਲਾਕੁਨ ਪੜਾਅ 'ਤੇ ਪਹੁੰਚਣ ਤੋਂ ਪਹਿਲਾਂ ਜਾਂ ਪਹੁੰਚਣ ਤੱਕ ਬਾਹਰੀ ਜਾਂ ਅੰਦਰੂਨੀ ਸਰਕਾਰੀ ਦਬਾਉ ਤੋਂ ਇਲਾਵਾ ਇਹ ਸਰਕਾਰਾਂ ਰੰਗ, ਨਸਲ, ਜਾਤ, ਬੋਲੀ ਜਾਂ ਧਰਮ ਦੇ ਨਾਂ 'ਤੇ ਪਾਟੋਧਾੜ ਕਰਨ ਲਈ ਤਤਪਰ ਰਹਿੰਦੀਆਂ ਹਨ, ਜਿਹੜਾ ਸਰਮਾਏਦਾਰੀ ਲਈ ਵਾਕਿਆ ਹੀ ਕਾਰਗਰ ਹਥਿਆਰ ਸਾਬਤ ਹੁੰਦਾ ਹੈ ਅਤੇ ਲੋਕ ਏਕੇ ਦੀ ਤਬਾਹੀ। ਇਸ ਤਰਾਂ ਇਸ ਦੀ ਲੁੱਟ ਦੀ ਉਮਰ ਲੰਮੇਰੀ ਹੁੰਦੀ ਜਾਂਦੀ ਹੈ। ਇਸ ਤਰ੍ਹਾਂ ਹਿੰਦੁਸਤਾਨ ਦੀ ਸਰਕਾਰ ਜੋ ਕਿ ਮੁੱਠੀ ਭਰ ਧਨਾਢਾਂ ਦੇ ਹੱਥ ਵਿਚ ਖੇਡ ਕੇ ਹਰ ਉਹ ਕਾਨੂੰਨ ਘੜਦੀ ਹੈ ਜਿਸ ਨਾਲ ਬਿਰਲਿਆਂ ਦਾ ਮੁਨਾਫ਼ਾ ਹੋਰ ਵਧੇ ਤਾਂ ਜੋ ਆਉਣ ਵਾਲੇ ਪੰਜ ਸਾਲਾਂ ਲਈ ਉਹ ਬਿਨਾ ਫ਼ਿਕਰ ਪੈਸਾ ਖਰਚ ਕੇ ਹਕੂਮਤ ਇਸ ਦੀ ਝੋਲੀ ਵਿਚ ਪਾ ਦੇਣ। ਦੂਸਰੇ ਪਾਸੇ ਅੱਜ ਹਿੰਦੁਸਤਾਨ ਬਹੁ-ਗਿਣਤੀ ਅਵਾਮ ਗਰੀਬੀ ਦੀ ਸਤ੍ਹਾ ਤੋਂ ਵੀ ਥੱਲੇ ਜ਼ਿੰਦਗੀ ਜਿਉਂ ਰਿਹਾ ਹੈ। ਅਸੀਂ ਇਸ ਨੂੰ ਜ਼ਿੰਦਗੀ ਜਿਉਣ ਨਹੀਂ, ਸਗੋਂ ਰੋਜ਼ਾਨਾਂ ਜਿਉਣ ਅਤੇ ਮਰਨ ਦੇ ਪੁੜਾਂ ਵਿਚ ਪਿਸ ਰਿਹਾ ਮਨੁੱਖ ਕਹਾਂਗੇ ਜਿਸ ਦੇ ਦਿਮਾਗ ਵਿਚ ਸਰਮਾਏਦਾਰੀ ਨੇ ਸਦੀਆਂ ਤੋਂ ਇਹ ਬਿਠਾ ਰੱਖਿਆ ਹੈ ਕਿ ਉਸਦੀ ਮੌਤ ਵਰਗੀ ਜ਼ਿੰਦਗੀ ਦਾ ਕਾਰਨ ਉਸਦੀ ਪਿਛਲੀ ਜ਼ਿੰਦਗੀ ਦੇ ਕਰਮਾਂ ਦਾ ਸਿੱਟਾ ਹੀ ਹੈ, ਜਿਸ ਨੂੰ ਵਾਕਿਆ ਹੀ ਸਾਡਾ ਮਜ਼ਬੂਰੀਆਂ ਗ੍ਰਸਿਆ ਸਧਾਰਨ ਵਰਗ ਰੱਬੀ ਕਰੋਪੀ ਸਮਝ ਕੇ ਕਬੂਲ ਕਰ ਲੈਂਦਾ ਹੈ ਅਤੇ ਇਸ ਤਰਾਂ ਆਪਣੇ ਆਪ ਨੂੰ ਸਮਝਣ ਅਤੇ ਮਜ਼ਬੂਤ ਕਰਨ ਦੀ ਬਜਾਏ ਚਲਾਕ ਸਰਮਾਏਦਾਰੀ ਦਾ ਲਾਈਲੱਗ ਜਾਂ ਹੱਥ ਠੋਕਾ ਬਣ ਕੇ ਰਹਿ ਜਾਂਦਾ ਹੈ। ਅਤੇ ਸਰਮਾਏਦਾਰੀ ਦੇ ਇਸ਼ਾਰਿਆਂ 'ਤੇ ਹੀ ਆਪਣਿਆਂ ਨੂੰ ਕਤਲ ਕਰਨ ਲੱਗ ਪੈਂਦਾ ਹੈ ਜਿਸ ਨਾਲ ਮਜ਼ਬੂਰੀਆਂ ਦਾ ਮਸਲਾ ਸੁਲਝਣ ਦੀ ਬਜਾਏ ਹੋਰ ਉਲਝਣਾ ਸ਼ੁਰੂ ਹੋ ਜਾਂਦਾ ਹੈ ਅਤੇ ਸਰਮਾਏਦਾਰੀ ਦੀਆਂ ਪਾਈਆਂ ਵੰਡੀਆਂ ਸਦਕਾਂ ਆਮ ਮਨੁੱਖ ਮਜ਼ਦੂਰ ਜਾਂ ਕਿਸਾਨ ਤੋਂ ਬਦਲ ਕੇ ਹਿੰਦੂ, ਸਿੱਖ, ਮੁਸਲਮਾਨ ਜਾਂ ਇਸਾਈ ਆਦਿ ਬਣ ਜਾਂਦਾ ਹੈ। ਅਤੇ ਆਪਣੀ ਜਿੱਤ ਦੀ ਜਗ੍ਹਾ ਹਾਰ ਵੱਲ ਕਦਮ ਪੁੱਟਣ ਲੱਗਦਾ ਹੈ।

ਇਸ ਤਰਾਂ ਦੁਨੀਆਂ ਦੇ ਹੋਰ ਦੇਸ਼ਾਂ ਦੀਆਂ ਲੜਾਈਆਂ ਨੂੰ ਵੇਖਦੇ ਹੋਏ ਅਸੀਂ ਇਹ ਸਹਿਜੇ ਹੀ ਅੰਦਾਜ਼ਾ ਲਾ ਸਕਦੇ ਹਾਂ ਕਿ ਹਿੰਦੁਸਤਾਨ ਦੀ ਸਰਮਾਏਦਾਰੀ ਨੂੰ ਨਾ ਇਕੱਲਾ ਨਾਗਾਲੈਂਡ, ਮੀਜ਼ੋਰਾਮ ਅਤੇ ਨਾ ਹੀ ਪੰਜਾਬ ਢਾਹ ਲਾ ਸਕਦਾ ਹੈ ਅਤੇ ਨਾ ਹੀ ਲੜਾਈ ਇਕ ਬੋਲੀ ਜਾਂ ਧਰਮ ਦੇ ਅਧਾਰ 'ਤੇ ਜਿੱਤੀ ਜਾ ਸਕਦੀ ਹੈ। ਇਹ ਲੜਾਈ ਲੁੱਟਣ ਵਾਲੇ ਅਤੇ ਲੁੱਟੇ ਜਾਣ ਵਾਲਿਆਂ ਦੇ ਸੰਦਰਭ ਵਿਚ ਰੱਖ ਕੇ ਹੀ ਲੜੀ ਅਤੇ ਜਿੱਤੀ ਜਾਣੀ ਹੈ। ਜਿੱਥੇ ਵੱਧ ਤੋਂ ਵੱਧ ਮੁਨਾਫ਼ਾ ਕਮਾ ਕੇ ਧਨੀ ਬਣਨ ਦੀ ਦੌੜ ਹੋਵੇ, ਉਥੇ ਸਮੁੱਚੇ ਤੌਰ 'ਤੇ ਆਰਥਕ ਪਾੜਾ ਹੋਰ ਵਧੇਗਾ ਅਤੇ ਉਸੇ ਤਰ੍ਹਾਂ ਹੀ ਲੋਕ ਅਸੰਤੁਸ਼ਟ ਹੁੰਦੇ ਜਾਣਗੇ ਅਤੇ ਸਰਮਾਏਦਾਰੀ ਇਹਨਾਂ ਹਾਲਤਾਂ ਦਾ ਲਾਹਾ ਲੈ ਕੇ ਸਧਾਰਨ ਲੋਕਾਂ ਨੂੰ ਧਰਮਾਂ ਕਰਮਾਂ ਦੇ ਗਧੀ ਗੇੜ 'ਚ ਫਸਾਈ ਰੱਖੇਗੀ। ਇਸ ਤਰਾਂ ਗਰੀਬੀ, ਭੁੱਖ ਅਤੇ ਬੇਇਨਸਾਫੀ ਨਾਲ ਲਿਤਾੜੇ ਲੋਕ ਭਰਾ ਮਾਰੂ ਨਾਅਰਿਆਂ ਦੇ ਸ਼ਿਕਾਰ ਛੇਤੀ ਹੋਣਗੇ। ਇਸ ਕਿਸਮ ਦੇ ਨਾਅਰੇ ਆਮ ਲੋਕਾਂ ਦੇ ਮੂੰਹ ਪਾਉਣ ਵਿਚ ਹਿੰਦੁਸਤਾਨ ਦੀ ਸਰਮਾਏਦਾਰੀ ਖਾਸ ਮੁਹਾਰਤ ਰੱਖਦੀ ਹੈ। ਸੋ ਸਾਨੂੰ ਚਾਹੀਦਾ ਹੈ ਕਿ ਜੇ ਸਦਾ ਵਾਸਤੇ ਅਸੀਂ ਆਪਣੇ ਦੇਸ਼, ਆਪਣੀ ਕੌਮ, ਬੋਲੀ ਜਾਂ ਸੱਭਿਆਚਾਰ ਨੂੰ ਮਜ਼ਬੂਤ ਵੇਖਣਾ ਚਾਹੁੰਦੇ ਹਾਂ ਤਾਂ ਵੱਖਵਾਦੀ ਨਾਅਰਿਆਂ ਅਤੇ ਰੁਚੀਆਂ ਦਾ ਪਰਦਾਫਾਸ਼ ਕਰਦੇ ਹੋਏ ਸਾਂਝੀਵਾਲਤਾ ਵੱਲ ਵਧੀਏ। ਅਤੇ ਆਪਣੇ ਮਹਾਨ ਦੇਸ਼ ਭਗਤਾਂ ਦੇ ਉਲੀਕੇ ਮਨਸੂਬਿਆਂ ਨੂੰ ਪੂਰਾ ਕਰੀਏ। ਇਸੇ ਗੱਲ ਨੂੰ ਮੁਖ ਰੱਖਦੇ ਜੇ ਅਸੀਂ ਪੰਜਾਬ ਮਸਲਾ 'ਹੱਲ' ਹੋਣ 'ਤੇ ਜ਼ਿਆਦਾ ਖੁਸ਼ੀ ਨਹੀਂ ਕਰਦੇ ਤਾਂ ਮਾੜਾ ਵੀ ਨਹੀਂ ਕਹਿੰਦੇ; ਕਿਉਂਕਿ ਭਾਵੇਂ ਲੋਕਾਂ ਦੀ ਕੁੱਲੀ, ਗੁੱਲੀ ਅਤੇ ਜੁੱਲੀ ਦੀ ਲੜਾਈ ਅਜੇ ਹੱਲ ਨਹੀਂ ਹੋਈ, ਪਰ ਦੂਸਰੇ ਪਾਸੇ ਜਿਸ ਪਾਸੇ ਅੱਜ ਪੰਜਾਬ ਨੂੰ ਤੋਰਿਆ ਜਾ ਰਿਹਾ ਸੀ ਜਿਸ ਵਿਚ ਮੁਖ ਰੋਲ ਕਾਂਗਰਸ ਸਰਕਾਰ ਦਾ ਸੀ: ਪੰਜਾਬ ਨੂੰ ਬਾਕੀ ਹਿੰਦੁਸਤਾਨ ਨਾਲੋਂ ਵੱਖ ਕਰਨਾ – ਉਸ ਚੈਲੰਜ ਨੂੰ ਲੋਕਾਂ ਨੇ ਕਬੂਲ ਕੀਤਾ ਹੈ। ਅਤੇ ਕਾਂਗਰਸ ਨੂੰ ਲੱਕ ਤੋੜਵੀਂ ਹਾਰ ਹੋਈ ਹੈ। ਅਤੇ ਇਲੈਕਸ਼ਨ ਬਾਈਕਾਟ ਕਰਨ ਵਾਲਿਆਂ ਦਾ ਖ਼ਾਸਾ ਨੰਗਾ ਹੋਇਆ ਹੈ ਅਤੇ ਉਹ ਲੋਕਾਂ ਵਿਚੋਂ ਆਪਣਾ ਵਿਸ਼ਵਾਸ਼ ਕਾਫੀ ਹੱਦ ਤੱਕ ਖ਼ਤਮ ਕਰ ਚੁੱਕੇ ਹਨ। ਲੋਕਾਂ ਦੇ ਹੁੰਗਾਰੇ ਨੂੰ ਸਮਝਦੀਆਂ ਹੋਈਆਂ ਖੱਬੀਆਂ ਤਾਕਤਾਂ ਦਾ ਫਰਜ਼ ਬਣਦਾ ਹੈ ਕਿ ਪੰਜਾਬੀ ਲੋਕ ਸੱਭਿਆਚਾਰ ਨੂੰ ਮਜ਼ਬੂਤੀ ਨਾਲ

(ਬਾਕੀ ਸਫ਼ਾ 28)

# ਪ੍ਰਗਤੀਵਾਦੀ ਫਿਲਮ ਨਿਰਮਾਤਾ ਸੋਸਾਇਟੀ, ਪੰਜਾਬ ਦੀ ਸਥਾਪਨਾ

ਬੜੇ ਚਿਰਾਂ ਤੋਂ ਇਹ ਗੱਲ ਸ਼ਿੱਦਤ ਨਾਲ ਮਹਿਸੂਸ ਹੋ ਰਹੀ ਸੀ ਕਿ ਚੰਗੀਆਂ ਪੰਜਾਬੀ ਫਿਲਮਾਂ ਬਣਨ, ਜਿਨ੍ਹਾਂ ਦਾ ਮਕਸਦ ਸਿਰਫ ਪੈਸਾ ਕਮਾਉਣਾ ਹੀ ਨਾ ਹੋਵੇ, ਸਗੋਂ ਪੰਜਾਬੀ ਸਭਿਆਚਾਰ ਨੂੰ ਸਹੀ ਰੰਗ ਵਿਚ ਪੇਸ਼ ਕਰਨਾ ਹੋਵੇ। ਮੈਂ ਜਦੋਂ ਬਾਹਰ ਦੇ ਦੇਸ਼ਾਂ ਦੇ ਦੌਰੇ ਤੇ ਗਿਆ ਤਾਂ ਬਹੁਤ ਸਾਰੇ ਲੋਕਾਂ ਨੇ ਮਿਲਣ ਵਜੋਂ ਆਪਣੀ ਇਹ ਇੱਛਾ ਦੱਸੀ। ਇਹ ਮਾਧਿਅਮ ਇਕ ਸ਼ਕਤੀਸ਼ਾਲੀ ਮਾਧਿਅਮ ਹੈ ਤੇ ਅਸੀਂ ਜਿਹੜੇ ਜ਼ਿੰਦਗੀ ਦੇ ਰੌਂ ਨੂੰ ਬਦਲਣ ਲਈ ਵਚਨਬੱਧ ਹਾਂ, ਅਸੀਂ ਇਸਨੂੰ ਨਜ਼ਰ-ਅੰਦਾਜ਼ ਨਹੀਂ ਕਰ ਸਕਦੇ। ਐਪਰ ਇਸ ਮਾਧਿਅਮ ਵਿਚ ਪੈਸੇ ਦੀ ਬਹੁਤ ਲੋੜ ਹੈ। ਕੋਈ ਇਕੱਲੇ ਦੁਕੱਲੇ ਦਾ ਇਹ ਕੰਮ ਨਹੀਂ। ਮੈਂ ਕੁਝ ਸਾਲਾਂ ਤੋਂ ਫਿਲਮ ਬਨਾਉਣ ਦੇ ਸਾਰੇ ਅਮਲ ਦਾ ਬੜੀ ਡੂੰਘੀ ਤਰ੍ਹਾਂ ਅਧਿਅਨ ਕੀਤਾ। ਮੈਂ ਇਸ ਨਤੀਜੇ ਤੇ ਪੁੱਜਿਆ ਹਾਂ ਕਿ ਸਾਂਝੀ ਕੋਸ਼ਿਸ਼ ਨਾਲ ਪੰਜਾਬੀ ਫਿਲਮਾਂ ਨੂੰ ਇਕ ਨਵੀਂ ਦਿਸ਼ਾ ਦਿੱਤੀ ਜਾ ਸਕਦੀ ਹੈ। ਇਹ ਕੋਈ ਮੁਸ਼ਕਿਲ ਕੰਮ ਨਹੀਂ। ਸਿਹਤਮੰਦ ਸਭਿਆਚਾਰ ਦਾ ਪਸਾਰਾ ਵੀ ਹੋ ਸਕਦਾ ਹੈ ਤੇ ਨਾਲ ਹੀ ਵਪਾਰਕ ਦ੍ਰਿਸ਼ਟੀ ਨਾਲ ਵੀ ਇਕ ਸਫਲ ਫਿਲਮ ਬਣਾਈ ਜਾ ਸਕਦੀ ਹੈ।

ਆਪਣੇ ਲੰਮੇ ਪ੍ਰਬੰਧਕੀ ਤੇ ਲੋਕ ਸੰਚਾਰ ਦੇ ਤਜਰਬੇ ਤੇ ਵਿਸ਼ਵਾਸ ਦੇ ਆਧਾਰ ਤੇ ਮੈਂ ਆਪਣੇ ਕੁਝ ਸਾਥੀਆਂ ਨਾਲ ਮਿਲਕੇ ਇਹ ਜ਼ਿੰਮੇਂਵਾਰੀ ਲੈਣ ਦਾ ਫੈਸਲਾ ਕੀਤਾ ਹੈ ਤੇ ਅਸੀਂ ਪ੍ਰਗਤੀਵਾਦੀ ਫਿਲਮ ਨਿਰਮਾਤਾ ਸੋਸਾਇਟੀ (Progressive Film Makers Society, Punjab) ਦੀ ਸਥਾਪਨਾ ਕੀਤੀ ਹੈ। ਇਸ ਸੋਸਾਇਟੀ ਦੀ ਮੈਂਬਰਸ਼ਿਪ ਫੀਸ 10,000/- ਰੁ: ਰੱਖੀ ਹੈ। ਇਹ ਇਕ ਕਿਸਮ ਦਾ ਇਸ ਸੋਸਾਇਟੀ ਦਾ ਇਕ ਹਿੱਸਾ (Share) ਹੋਵੇਗਾ। ਟੀਚਾ 50 ਮੈਂਬਰ ਬਨਾਉਣ ਦਾ ਹੈ। ਮੈਂਬਰ ਇਕ ਤੋਂ ਵੱਧ ਹਿੱਸਾ ਵੀ ਲੈ ਸਕਣਗੇ। ਇਸ ਤਰ੍ਹਾਂ ਪਰਵਾਰ ਦੇ ਵੱਖ ਵੱਖ ਮੈਂਬਰ ਵੀ ਇਕ ਜਾਂ ਇਕ ਤੋਂ ਵੱਧ ਹਿੱਸਾ ਲੈ ਸਕਣਗੇ।

ਇਸ ਸੋਸਾਇਟੀ ਵੱਲੋਂ ਦੋ ਪ੍ਰਾਜੈਕਟ ਉਲੀਕੇ ਗਏ ਹਨ। ਪਹਿਲਾ ਪ੍ਰਾਜੈਕਟ ਸਾਗਰ ਸਰਹੱਦੀ ਵਲੋਂ ਬਣਾਈ ਜਾ ਰਹੀ ਪੰਜਾਬੀ ਫਿਲਮ ਵਿਚ ਇਕ ਹਿੱਸੇਦਾਰ ਬਨਣਾ ਹੈ। ਸਾਗਰ ਸਰਹੱਦੀ ਪ੍ਰਸਿੱਧ ਫਿਲਮ 'ਬਾਜ਼ਾਰ' ਦੇ ਨਿਰਮਾਤਾ ਹਨ। 'ਕਭੀ ਕਭੀ' ਫਿਲਮ ਦੇ ਸੰਵਾਦ ਵੀ ਉਹਨਾਂ ਦੀ ਕਲਮ ਤੋਂ ਹਨ। ਉਹਨਾਂ ਕੋਲ ਫਿਲਮ ਲਾਈਨ ਦਾ ਲੰਮਾ ਤਜਰਬਾ ਹੈ। ਉਹਨਾਂ ਵੱਲੋਂ ਬਣਾਈ ਜਾ ਰਹੀ ਫਿਲਮ ਦੀ ਪਲੈਨਿੰਗ ਮੁਕੰਮਲ ਹੋ ਚੁੱਕੀ ਹੈ ਅਤੇ 15 ਫਰਵਰੀ ਤੋਂ ਲੈ ਕੇ 31 ਮਾਰਚ ਤਕ ਇਸ ਦੀ ਸ਼ੂਟਿੰਗ ਗਿਦੜਬਾਹਾ ਦੇ ਆਸਪਾਸ ਦੇ ਇਲਾਕੇ ਵਿਚ ਹੋ ਰਹੀ ਹੈ। ਇਹ ਫਿਲਮ ਮੁਕੰਮਲ ਤੌਰ ਤੇ ਸਾਗਰ ਸਰਹੱਦੀ ਦੀ ਫਿਲਮ ਹੋਵੇਗੀ। ਸਾਡੀ ਸੰਸਥਾ ਦੀ ਤਕਨੀਕੀ ਤੌਰ ਤੇ ਇਸ ਵਿਚ ਕੋਈ ਦਖ਼ਲਅੰਦਾਜ਼ੀ ਨਹੀਂ ਹੋਵੇਗੀ। ਪਰ ਖਰਚ ਵਿਚ ਤੇ ਬਾਅਦ ਦੇ ਘਾਟੇ ਵਾਧੇ ਵਿਚ ਸਾਡਾ ਹਿੱਸਾ ਹੋਵੇਗਾ। ਅਗਲੀ ਫਿਲਮ 31 ਦਸੰਬਰ ਤਕ ਮੁਕੰਮਲ ਕੀਤੀ ਜਾਏਗੀ। ਉਹ ਸਾਡੀ ਫਿਲਮ ਹੋਵੇਗੀ ਤੇ ਸਾਡੇ ਹੀ ਨਾਮ (Banner) ਥੱਲੇ ਹੋਵੇਗੀ। ਉਹਦੀ ਕਹਾਣੀ, ਸੰਵਾਦ ਆਦਿਕ ਸਾਡੀ ਚੋਣ ਦੇ ਹੋਣਗੇ। ਸਾਗਰ ਸਰਹੱਦੀ ਇਸਨੂੰ ਸਾਡੇ ਲਈ ਬਨਾਉਣਗੇ। ਉਹ ਉਸ ਵਿਚ ਮਾਇਕ ਤੌਰ ਤੇ ਆਪਣਾ ਹਿੱਸਾ ਪਾਉਣਗੇ, ਜਿਸ ਤਰ੍ਹਾਂ ਪਹਿਲੇ ਅਸੀਂ ਉਹਨਾਂ ਦੀ ਫਿਲਮ ਵਿਚ ਹਿੱਸਾ ਪਾ ਰਹੇ ਹਾਂ। ਬੜੀ ਬਰੀਕੀ ਨਾਲ ਛਾਣਬੀਣ ਕਰਕੇ ਇਹ ਦੋਨੋਂ ਪ੍ਰਾਜੈਕਟ ਬਣਾਏ ਗਏ ਹਨ ਤਾਂ ਜੋ ਸੋਸਾਇਟੀ ਦੀ ਹਰ ਪੱਖ ਤੋਂ ਸਫਲ ਬੁਨਿਯਾਦ ਰੱਖੀ ਜਾ ਸਕੇ। ਹਰ ਇਕ ਨੁਕਤੇ ਨੂੰ ਬਾਕਾਇਦਾ ਲਿਖਤ ਵਿਚ ਲਿਆਂਦਾ ਗਿਆ ਹੈ। ਸਮਤਾ ਦੇ ਇਨ੍ਹਾਂ ਕਾਲਮਾਂ ਰਾਹੀਂ ਮੈਂ ਅਪੀਲ ਕਰਦਾ ਹਾਂ ਕਿ ਫ਼ਿਲਮ ਨਿਰਮਾਣ ਦੇ ਇਸ ਪ੍ਰਾਜੈਕਟ ਵਿਚ ਮੇਰੀ ਮਦਦ ਕੀਤੀ ਜਾਏ। ਇਹ ਯਕੀਨ ਮੰਨਕੇ ਕਿ ਉਹਨਾਂ ਦੀ ਦਿੱਤੀ ਰਕਮ ਦੀ ਹਰ ਪਾਈ ਦੀ ਸਹੀ ਤਰੀਕੇ ਨਾਲ ਵਰਤੋਂ ਕੀਤੀ ਜਾਏਗੀ ਤੇ ਲਾਹੇਵੰਦ ਤਰੀਕੇ ਨਾਲ ਉਹਦੀ ਵਾਪਸੀ ਕੀਤੀ ਜਾਏਗੀ, ਕਿਉਂਕਿ ਮੈਂ ਸਮਝਦਾ ਹਾਂ ਕਿ ਸਾਡੇ ਦਾਇਰੇ ਦੇ ਲੋਕਾਂ ਦੀ ਕਮਾਈ ਲਹੂ ਪਸੀਨੇ ਦੀ ਕਮਾਈ ਹੈ। ਤੁਹਾਡੇ ਹੁੰਗਾਰੇ ਦੀ ਮੈਨੂੰ ਉਡੀਕ ਰਹੇਗੀ।

**ਗੁਰਸ਼ਰਨ ਸਿੰਘ**

**ਕਨਵੀਨਰ ਪ੍ਰਗਤੀਵਾਦੀ ਫਿਲਮ ਨਿਰਮਾਤਾ ਸੋਸਾਇਟੀ, ਪੰਜਾਬ**

**ਗੁਰੂ ਖਾਲਸਾ ਨਿਵਾਸ, ਡਾਕਖਾਨਾ ਖਾਲਸਾ ਕਾਲਜ, ਅੰਮ੍ਰਿਤਸਰ**

ਕਹਾਣੀ:

# ਫੇਰਾ

ਤੇਜ ਸੰਧੂ ਸਮਾਧਵੀ

"ਜੁਆਨਾ! ਸਾਡੀ ਕੀ ਗੱਲ ਕਰਦੈਂ, ਵੇਲੇ ਟੱਪ ਗਏ, ਉਹ ਮੌਕੇ ਉਦੋਂ ਹੀ ਸੀ, ਵੇਲੇ ਵੇਲੇ ਦਾ ਮੰਗਲ ਐ, ਜੋ ਤਕਲੀਫਾਂ ਅਸੀਂ ਝੱਲੀਆਂ ਜੇ ਅੱਜ ਦੇ ਮੁੰਡਿਆਂ ਨੂੰ ਝੱਲਣੀਆਂ ਪੈ ਜਾਣ ਤਾਂ ਬਾਲੋਂ-ਬੇਹਾਲ ਨਾ ਹੋ ਜਾਣ ਤਾਂ ਕਹਿ ਦੇਵੀਂ। ਫੇਰ ਵੀ ਸਾਡਾ ਧੁਰਲੀਆਂ ਮਾਰ ਮਾਰ ਦੁੱਧ ਚੁੰਗਿਆ ਹੋਇਆ ਸੀ। ਅੱਜ ਦੀਆਂ ਮਾਵਾਂ ਤਾਂ ਦੁੱਧ ਵੀ ਰੱਜ ਨਾਲ ਨਹੀਂ ਚੁੰਘਾਉਂਦੀਆਂ ਅਖੇ ਸੁੱਹਪਣ 'ਚ ਫ਼ਰਕ ਪੈ ਜਾਊ, ਨਿਆਣੇ ਬੋਤਲ ਤੇ ਹੀ ਪਲਦੇ ਐ, ਵੱਡੇ ਹੋ ਕੇ ਕੰਮ ਸੁਆਹ ਕਰਨਗੇ।"

"ਚਾਚਾ! ਅੱਜ ਕੁਸ਼ ਮੂਡ ਬਣਿਆ ਲੱਗਦੈ, ਸਵੇਰੇ ਸਵੇਰੀ ਟੂ-ਨਾਈਟੀ-ਟੂ[1] ਦੀਆਂ ਗੋਲੀਆਂ ਜ਼ਰੂਰ ਖਾਧੀਆਂ ਹੋਣੀਆਂ।" ਕੋਲ ਬੈਠੇ ਹਰਵਿੰਦਰ ਨੇ ਚਾਚੇ ਤੋਂ ਪੁੱਛਿਆ ਜਿਹਨੂੰ ਕਿ ਦੇਸੋਂ ਆਏ ਨੂੰ ਡੇਢ-ਦੋ ਮਹੀਨੇ ਹੀ ਹੋਏ ਸਨ, ਵਿਆਹ ਲਈ ਪੱਕਾ ਹੀ ਆਇਆ ਸੀ, ਆਉਂਦੇ ਨੇ ਹੀ ਨਸ਼ੇ ਵਾਲੀਆਂ ਸਾਰੀਆਂ ਗੋਲੀਆਂ ਦੀ ਬਾਬਤ ਸੁਣ ਲਿਆ ਸੀ। ਕੱਲ ਰਾਤ ਵਾਲੀ ਬੱਸ ਹੀ ਵੈਨਕੂਵਰੋਂ ਚਾਚੇ ਨੂੰ ਮਿਲਣ ਆਇਆ ਸੀ, ਛੁੱਟੀ ਦਾ ਦਿਨ ਸੀ, ਦੋਵੇਂ ਲਿਵਿੰਗ-ਰੂਮ ਵਿਚ ਬੈਠੇ ਸਨ।

"ਅੱਛਾ ਚਾਚਾ! ਸੁਣਾ ਫਿਰ ਪੁਰਾਣੀਆਂ ਗੱਲਾਂ ਮੇਰਾ ਵੀ ਸੁਨਣ ਨੂੰ ਜੀ ਕਰਦੈ।"

"ਲੈ ਪੁੱਤਰਾ!! ਸੁਣ ਲੈ। ਕੰਨ ਲਾ ਕੇ, ਤੂੰ ਵੀ ਕਹੇਂਗਾ ਚਾਚੇ ਨੇ ਕੋਈ ਗੱਲ ਹੀ ਨਹੀਂ ਸੁਣਾਈ", ਚਾਚੇ ਨੇ ਘੰਗੂਰਾ ਜਿਹਾ ਮਾਰ ਕੇ ਗਲਾ ਸਾਫ਼ ਕੀਤਾ ਜਿਵੇਂ ਕੋਈ ਗੌਣ ਲੱਗਾ ਹੋਵੇ ਮਿੰਟ ਕੁ ਲਈ ਉਹਨੇ ਨੀਵੀਂ ਪਾਈ। ਜਦ ਉਹਨੇ ਸਿਰ ਉਤਾਂਹ ਚੁੱਕਿਆ ਤਾਂ ਉਹਦੀ ਗੱਲ੍ਹ ਤੇ ਡਿੱਗਿਆ ਹੰਝੂ ਉਹ ਦੀ ਧੁਰ ਅੰਦਰਲੀ ਆਵਾਜ਼ ਦੀ ਹਾਮੀ ਭਰ ਰਿਹਾ ਸੀ।

"ਗੱਲ ਕੋਈ ਬਹੁਤੀ ਪੁਰਾਣੀ ਨਹੀਂ, ਮੈਨੂੰ ਤਾਂ ਇੰਞ ਲੱਗਦਾ ਜਿਵੇਂ ਕੱਲ ਦੀਆਂ ਹੀ ਗੱਲਾਂ ਹੋਣ।" ਇਕ ਹੋਰ ਹਾਉਕਾ ਜਿਹਾ ਲੈ ਕੇ ਉਹਨੇ ਗੱਲ ਸ਼ੁਰੂ ਕੀਤੀ--------- "ਮਸਾਂ ਸੋਲਾਂ-ਸਤਾਰਾਂ ਸਾਲ ਹੋਏ ਹੋਣਗੇ ਜਦ ਮੈਂ ਵੀ ਦੇਖੋ ਦੇਖੀ ਕਨੇਡਾ ਆ ਵੜਿਆ, ਪੱਕੇ ਹੋਣ ਦੀ ਗੱਲ ਕਿਸੇ ਪਾਸੇ ਬਣਦੀ ਨਾ ਦਿਸੇ, ਲਿਆਂਦੇ ਪੈਸੇ ਵੀ ਮੁੱਕ ਗਏ। ਦੂਰੋਂ-ਨੇੜਿਉਂ ਲੱਗਦੇ ਰਿਸ਼ਤੇਦਾਰਾਂ ਪਹਿਲਾਂ ਤਾਂ ਬਹੁਤ ਹੌਸਲਾ ਦਿਆ ਕਰਨਾ, ਮਗਰੋਂ ਉਹ ਵੀ ਮੂੰਹ ਫੇਰ ਗਏ ਅਖੇ ਤੇਰੀ ਤਾਂ ਉਮਰ ਬਹੁਤ ਜਿਆਦੈ, ਤੇਰੇ ਤਾਂ ਨੰਬਰ ਪੂਰੇ ਨੀ ਹੋਣੇ, ਡਪੋਟ[2] ਨਾ ਹੁੰਆ, ਉਂਸ ਈ ਵਾਪਸ ਚਲਾ ਜਾ। ਪਰ ਕੋਈ ਸਿਰਾ ਦੇਖੇ ਤੋਂ ਬਿਨਾ ਜਾਣ ਨੂੰ ਜੀਅ ਨਾ ਕਰੇ, ਕਿਹੜਾ ਫ਼ਰੀਦਕੋਟੀਏ ਰਾਜੇ ਦੇ ਮੁੰਡੇ ਸੀ ਬਈ ਜਾਂਦੇ ਨੂੰ ਐਸ਼ ਆਰਾਮ ਹੀ ਮਿਲਨਾ, ਜਿਹੜੇ ਚਾਰ ਪੰਜ ਕਿਲੇ ਸੀ ਉਹ ਤਾਂ ਧਰ ਕੇ ਇਧਰ ਆਏ ਸੀ, ਅਖੀਰੀ ਰਿਸ਼ਤੇਦਾਰਾਂ ਤੋਂ ਦੂਰ ਮੈਂ ਇਸ ਨਿੱਕੇ ਜਿਹੇ ਟਾਊਨ ਵਿਚ ਇਕ ਪੁਰਾਣੇ ਯਾਰ ਬੇਲੀ ਕੋਲ ਆ ਗਿਆ, ਬੱਸ-ਤਰੀਜ ਉਦੋਂ ਤੋਂ ਹੀ ਇਹ ਆਪਣਾ ਹੋਮ-ਟਾਊਨ ਬਣ ਗਿਆ।"

"ਤਾਂ ਫਿਰ ਚਾਚਾ ਸਮਝ ਦੇਸੋਂ ਆਉਣ ਤੋਂ ਬਾਦ ਥੋੜੇ ਚਿਰ ਬਾਅਦ ਹੀ ਤੂੰ ਇਥੇ ਆ ਕੇ ਟਿਕ ਗਿਆ। ਫੇਰ ਕੀ ਹੋਇਆ?" ਹਰਵਿੰਦਰ ਨੇ ਬੜੀ ਉਤਸੁਕਤਾ ਨਾਲ ਪੁੱਛਿਆ।

"ਦੱਸਦੈਂ! ਦੱਸਦੈਂ!! ਕਾਹਲਾ ਨਾ ਪੈ" ਉਹ ਉਠ ਕੇ ਕਿਚਨ ਵੱਲ ਨੂੰ ਚਲਾ ਗਿਆ, "ਐਵੇਂ ਸੰਘ ਜਿਹਾ ਸੁੱਕਦਾ ਸੀ" ਚਾਚੇ ਨੇ ਮੁੜਦੇ ਹੋਏ ਨੇ ਕਿਹਾ ਅਤੇ ਬੈਠਦੇ ਨੇ ਅੱਗੇ ਗੱਲ ਤੋਰੀ---- "ਪਹਿਲਾਂ ਤਾਂ ਆਪਣੇ ਦੇਸੀ ਅੰਗਰੇਜ਼ਾਂ ਤੇ ਮੈਨੂੰ ਬੜਾ ਗੁੱਸਾ ਆਇਆ ਕਰੇ, ਸਾਨੂੰ ਤਰਾ ਤਾਈ ਤਾਂ ਕੀ ਕਹਿ ਕੇ ਬੁਲਾਉਣਾ ਸੀ ਉਲਟੇ ਭਜਿੱਟਰ[3] ਹੀ ਦੱਸਿਆ ਕਰਨ। ਸੁਣ ਕੇ ਚੁੱਪ ਕਰ ਜਾਣਾ ਸੋਚਨਾ ਕਿ ਚੁੱਪ ਹੀ ਭਲੀ ਹੈ, ਸੁਣੀ ਚਲ ਜਿਵੇਂ ਕਹਿੰਦੇ ਹਨ, ਦੁਖ ਸੁਖ ਸਰੀਰਾਂ ਦੇ ਨਾਲ ਹੀ ਹੁੰਦੇ ਹਨ ਕਦੀ ਤਾਂ ਭਲੇ ਦਿਨ ਆਉਣਗੇ ਹੀ। ..........। ਹੁਣ ਸੁਣ ਲੈ! ਪੱਕੇ ਹੋਣ ਦੀ ਕਹਾਣੀ, ਮੈਨੂੰ ਦੱਸਦੇ ਨੂੰ ਵੀ ਸੰਗ ਜਿਹੀ ਆਉਂਦੀ ਹੈ। ਫੇ ਵੀ ਤੂੰ ਛੋਟੇ ਥਾਂ ਲੱਗਦੈਂ, ਚੱਲ ਹੁਣ ਸੰਗ-ਸੰਗੂਆ ਵੀ ਕਾਹਦਾ ਜਦ ਗੱਲ ਦੱਸਨੀ ਹੀ ਹੋਵੇ।"

"ਚਾਚਾ! ਇਹੋ ਜਿਹੀਆਂ ਹੱਡ-ਬੀਤੀਆਂ ਵਿਚ ਸੰਗ ਕਾਹਦੀ, ਸਗੋਂ ਬੰਦੇ ਨੂੰ ਦਿਲ ਵਿਚ ਨਹੀਂ ਰੱਖਣੀ ਚਾਹੀਦੀ, ਖੁਲ੍ਹ ਕੇ ਸਾਰੀ ਗੱਲ ਮਨ ਚੋਂ ਕੱਢਣੀ ਚਾਹੀਦੀ ਹੈ। ਹੋਰ ਤਾਂ ਹੋਰ ਦਿਲ ਦਾ ਗੁਬਾਰ ਜਿਹਾ ਕੱਢ ਕੇ ਬੰਦਾ ਹੌਲਾ ਫੁੱਲ ਹੋ ਜਾਂਦਾ ਹੈ। ਹਾਂ-ਚਾਚਾ ਚੱਲ ਫਿਰ ਅੱਗੇ ਕੀ ਹੋਇਆ!" ਹਰਵਿੰਦਰ ਨੇ ਚਾਚੇ ਨੂੰ ਹੌਸਲਾ ਜਿਹਾ ਦੇ ਕੇ ਗੱਲ ਅੱਗੇ ਤੋਰਨ ਲਈ ਕਿਹਾ।

"ਮੈਂ ਤੇ ਮੇਰਾ ਯਾਰ ਇਕ ਦਿਨ ਬੀਅਰ-ਪਾਲਰ ਵਿਚ ਬੈਠੇ ਬੀਅਰ ਪੀਂਦੇ ਸੀ, ਇਕ ਤਾਏ ਕੀ[4] ਮੌਲਜ਼ ਜਿਹੀ ਸਾਡੇ ਉਤੇ ਮੱਲੋ ਮਲੀ ਡਿੱਗੇ। ਮੈਂ ਤਾਂ ਡਰਾਂ! ਬਈ ਸਾਲਾ ਕਿਤੇ ਪੰਗਾ ਹੀ ਨਾ ਪੈਜੇ। ਪਰ ਮੇਰੇ ਦੋਸਤ ਨੇ ਲੰਮੀ ਸੋਚ ਕੇ ਹੋਰ ਬੀਅਰ ਦਾ ਔਡਰ ਕਰ ਦਿੱਤਾ, ਅਤੇ ਨਾਲ ਵਾਲੀ ਕੁਰਸੀ ਤੇ ਉਹਨੂੰ ਬਿਠਾ ਲਿਆ। ਉਹਨੇ ਤਾਂ ਬਈ ਬੈਠਣ ਸਾਰ ਸਿਗਟ ਲਾ-ਲਈ ਅਤੇ ਲੱਗ ਗਈ ਲੰਘੇ ਛੱਡਣ। ਮੈਂ ਤਾਂ ਨਿਕਲਣ ਨੂੰ ਕਰਾਂ, ਪਰ ਦੋਸਤ ਕਹੇ ਬੈ ਜਾ ਤੈਨੂੰ ਕੀ ਹੋਣ ਲੱਗਿਆ, ਤੇਰੀ ਖਾਤਰ ਹੀ ਸਭ ਕੁਝ ਸੋਚ ਰਿਹਾ, ਮੈਂ ਤਾਂ ਦੇਖ ਕੇ ਪਾਣੀਓਂ ਪਾਣੀ ਹੋਈ ਜਾਵਾਂ, ਲੈ ਬਈ ਉਹਨੇ ਗਿੱਟ-ਮਿੱਟ ਜਹੀ ਉਸ ਨਾਲ ਕੀਤੀ ਅਤੇ ਇਕ ਪਰਚੀ ਤੇ ਉਹਦਾ ਸਿਰਨਾਵਾਂ ਲਿਖ ਲਿਆ। ਅਗਲੇ ਦਿਨ ਉਹ ਬੜਾ ਖੁਸ਼ ਖੁਸ਼ ਨਜ਼ਰ ਆਵੇ, ਕਹਿੰਦਾ ਲੈ ਬਈ ਮਿੱਤਰਾ ਤੇਰਾ ਕੰਮ ਬਣ ਗਿਆ, ਡਾਲਾ ਆਪਾਂ ਸਾਰਾ ਹੀ ਢਾਈ ਸੌ ਇਹਨੂੰ ਅਤੇ ਦੋ ਡੇਢ-ਸੌ ਵਕੀਲ ਨੂੰ ਦੇਵਾਂਗੇ। ਬਸ ਕੋਰਟ ਵਿਚ ਜਾਕੇ ਉਹਨੇ ਬਿਆਨ ਦੇ ਦੇਣੇ ਹਨ ਕਿ ਮੈਂ ਅੱਜ ਤੋਂ ਇਹਦੀ ਹੀ ਬਣ ਗਈ। ਸ਼ਾਇਦ ਵਕੀਲ ਕਾਗਜ਼ੀ ਕਾਰਵਾਈ ਨਾਲ ਸਾਰ ਦੇਵੇ ਕਿਤੇ ਵੀ ਨਾ ਜਾਣਾ ਪਵੇ।"

"ਕੀ ਐਵੇਂ ਬੁਝਾਰਤਾਂ ਜਿਹੀਆਂ ਪਾਈ ਜਾਂਨਾ? ਵਿਚਲੀ ਗੱਲ ਦੱਸ!" "ਬੱਲੇ ਤੇਰੇ ਅਜੇ ਵੀ ਨਹੀਂ ਸਮਝਿਆ, ਵਿਚਲੀ ਗੱਲ ਕੀ ਹੋਣੀ ਸੀ ਕਾਗਜ਼ੀ ਕਾਰਵਾਈ ਕਰਕੇ ਤੇਰਾ ਵਿਆਹ ਉਹਦੇ ਨਾਲ ਕਰ ਦੇਣਾ, ਬੱਸ ਤੂੰ ਇਕ ਗੱਲ ਕਰ। ਅਜੇ ਹੀ ਆਪਾਂ ਪਿੱਛੇ ਤੇਰੇ ਪਿੰਡ ਨੂੰ ਚਿੱਠੀ ਲਿਖ ਦਈਏ ਕਿ ਉਹ ਝੂਠ-ਫ਼ੂਠ, ਪੈਸਾ-ਧੇਲਾ ਦੇ ਕੇ ਸਰਟੀਫਿਕੇਟ ਬਣਾ ਕੇ ਭੇਜ ਦੇਣ ਕਿ ਤੂੰ ਤਲਾਕ ਸੁਦਾ ਹੈਂ।"

"ਇਹ ਕਿਵੇਂ ਹੋਊ ਮੇਰੇ ਤਾਂ ਚਾਰ ਨਿਆਣੇ ਵੀ ਹੈ, ਘਰ ਵਾਲੀ ਨੇ ਤਲਾਕ-ਤੁਲਾਕ ਨਹੀਂ ਮੰਨਣਾ ਉਹ ਤਾਂ ਮੈਨੂੰ ਤੁਰਨ ਵੇਲੇ ਕਹਿੰਦੀ ਸੀ ਵੇਖੀਂ ਕਿਤੇ ਮੇਮਾਂ ਵਿਚ ਨਾ ਫਸ ਜਾਵੀਂ ਸਾਡਾ ਖਿਆਲ ਰੱਖੀਂ!"

"ਸਭ ਕੁਝ ਹੋ ਜਾਊ ਤੂੰ ਤਸੱਲੀ ਰੱਖ, ਮੈਂ ਚਿੱਠੀ ਵਿਚ ਸਾਰਾ ਕੁਝ ਉਹਨਾਂ ਨੂੰ ਸਮਝਾ ਦਿਆਂਗਾ!" ਮੇਰੇ ਦੋਸਤ ਨੇ ਮੈਨੂੰ ਹੌਸਲਾ ਦਿੰਦੇ ਹੋਏ ਕਿਹਾ।

"ਲੈ ਬਈ ਭਤੀਜ। ਕਰਦਿਆਂ ਕਰਾਉਂਦਿਆਂ ਮਹੀਨੇ-ਡੇਢ ਮਹੀਨੇ ਵਿਚ ਦੇਸੋਂ ਕਾਗਜ਼ ਬਣ ਕੇ ਆ ਗਏ। ਦੋ ਕੁ ਮਹੀਨਿਆਂ ਵਿਚ ਆਪਾਂ ਤਾਏ-ਕਿਆ ਦੀ ਨਾਲ ਵਿਆਹ ਕਰ ਲਿਆ ਅਤੇ ਥੋੜੇ ਚਿਰ ਮਗਰੋਂ ਹੀ ਪੱਕੀ ਸਟੈਂਪ ਲਗ ਗਈ। ਸਮਝ ਲਓ ਉਸ ਦੇ ਮਗਰੇ ਹੀ ਆਪਾਂ ਤਲਾਕ ਦੇ ਕਾਗਜ਼ ਭਰ ਦਿੱਤੇ, ਇਹ ਸਭ ਕੁਝ ਹੀ ਸਾਲ ਡੇਢ-ਸਾਲ ਵਿਚ ਹੋ ਗਿਆ। ਅਸ਼ਕੇ ਜਾਵਾਂ ਮੈਂ ਉਸ ਦੋਸਤ ਦੇ, ਬੜਾ ਹੀ ਚੰਗਾ ਬੰਦਾ ਸੀ, ਵਿਚਾਰਾ ਇਕ ਐਕਸੀਡੈਂਟ ਵਿਚ ਪੂਰਾ--------", ਚਾਚੇ ਤੋਂ ਗੱਲ ਪੂਰੀ ਨਾ ਕੀਤੀ ਗਈ ਉਹਦਾ ਗਲ ਭਰ ਆਇਆ।

ਦੋ ਕੁ ਮਿੰਟ ਅਟਕ ਕੇ ਚਾਚੇ ਨੇ ਦੁਬਾਰਾ ਬੋਲਣਾ ਸ਼ੁਰੂ ਕੀਤਾ," ਹੁਣ ਤੂੰ ਹੀ ਦੱਸ, ਰਿਸ਼ਤੇਦਾਰਾਂ ਦੀ ਕੀ ਛੂਈ ਮਾਰਨੀ ਹੈ, ਇਨ੍ਹਾਂ ਨਾਲੋਂ ਤਾਂ ਯਾਰ ਬੇਲੀ ਹੀ ਚੰਗੇ ਹੋਏ ਜਿਹੜੇ ਵੇਲੇ ਸਿਰ ਕੰਮ ਕੱਢ ਗਏ। ਅੱਗੇ ਸੁਣ···· ਮੈਂ ਪਹਿਲਾਂ ਵੀ ਚੋਰੀ ਛਿਪੇ ਕੰਮ ਕਰਦਾ ਹੀ ਸੀ ਜਦ ਮੈਂ ਵਿਆਹ ਦੇ ਕਾਗਜ਼ ਭਰ ਕੇ ਦਿੱਤੇ ਸਨ ਤਾਂ ਮੈਨੂੰ ਵਰਕ ਪਰਮਿੱਟ ਮਿਲ ਗਿਆ ਸੀ। ਆਪਾਂ ਲੱਗ ਪਏ ਕੰਮ ਕਰਨ ਜੌਹਨ ਦੀ ਮਿੱਲ ਵਿੱਚ। ਪਹਿਲੋਂ ਪਹਿਲ ਤਾਂ ਤਿੰਨ ਚਾਰ ਮੀਲ ਤੁਰ ਕੇ ਜਾਣਾ ਅਤੇ ਤੁਰ ਕੇ ਹੀ ਆਉਣਾ। ਠੰਢ ਵਿਚ ਠੁਰ ਠੁਰ ਕਰਨਾ। ਅੱਜ ਦੇ ਛੋਕਰਿਆਂ ਨੂੰ ਚੜ੍ਹਨ ਲਈ ਕਾਰਾਂ ਦਸ ਕਦਮਾਂ ਵੀ ਨਹੀਂ ਤੁਰਦੇ ਤਾਂਹੀਓਂ ਸਾਲੇ ਆਫਰੇ ਰਹਿੰਦੇ ਹਨ। ਉਦੋਂ ਇਕ ਹੋਰ ਕੰਜਰਖਾਨਾ ਇਕ ਬਰਿੱਜ ਲੰਘਣਾ ਪੈਂਦਾ ਸੀ, ਗੋਰਿਆਂ ਦੀ ਮੰਡੀਹਰ ਉਥੇ ਬੈਠੀ ਹੋਇਆ ਕਰੇ ਅਤੇ ਚੜ੍ਹੀਆਂ ਚੀਕਾਂ ਮਾਰਿਆ ਕਰਨ। ਇਕ ਦਿਨ ਤਾਂ ਉਹਨਾਂ ਨੇ ਮੈਨੂੰ ਫਾਹ ਵੀ ਲਿਆ, ਮੈਂ ਬਥੇਰੇ ਹੱਥ ਪੱਲੇ ਮਾਰੇ ਪਰ ਉਹ ਦੱਸ ਜਣੇ ਅਤੇ ਮੈਂ ਇੱਕਲਾ ਕੀ ਕਰ ਸਕਦਾ ਸੀ।"

"ਨਾ-ਚਾਚਾ! ਆਪਣੇ ਆਦਮੀਆਂ ਕੋਲ ਕਾਰਾਂ ਨਹੀਂ ਸਨ ਉਸ ਮੌਕੇ?" "ਓ ਸੀਗੀਆਂ, ਸਾਰੇ ਆਪਣੇ ਪੰਜ ਸੱਤ ਤਾਂ ਘਰ ਸੀ, ਉਹਨਾਂ ਵਿਚੋਂ ਵੀ ਸਾਰਿਆਂ ਕੋਲ ਕਾਰਾਂ ਨਹੀਂ ਸਨ। ਜਿਨ੍ਹਾਂ ਕੋਲ ਕਾਰਾਂ ਸਨ, ਉਹ ਲੋਹੇ ਦੇ ਥਣ ਬਣੇ ਹੋਏ ਸਨ, ਨਵੇਂ ਆਏ ਨਾਲ ਗੱਲ ਵੀ ਨਹੀਂ ਕਰਦੇ ਸਨ।"

"ਲੈ! ਇਕ ਦਿਨ ਦੀ ਸੁਣ ਲੈ!! ਉਸ ਮੌਕੇ ਇਥੇ ਇਕ "ਬਾਬਾ ਮਾਹਲਾ" ਹੁੰਦਾ ਸੀ। ਇਕ ਉਹਦਾ ਯਾਰ "ਚੌਧਰੀਆ" ਹੁੰਦਾ ਸੀ। ਉਹ ਦੋਵੇਂ ਹੀ ਜੌਹਨ ਦੇ ਹੀ ਕੰਮ ਕਰਦੇ ਸਨ। ਪਰ ਬਾਤ ਵਲੋਂ ਉਹ ਵੀ ਕੋਰੇ ਹੀ ਸਨ, ਦੋਨੋਂ ਬੜੇ ਚੰਗੇ ਆਦਮੀ ਸੀ ਉਹਨੇ ਕਈ ਬੰਦਿਆਂ ਨੂੰ ਕੰਮ ਤੇ ਲੁਆਇਆ ਸੀ, ਬਸ ਫੜਕੇ ਬੰਦੇ ਨੂੰ ਫੋਰਮੈਨ ਮੂਹਰੇ ਖੜਾ ਕਰ ਦਿਆ ਕਰਨ ਅਤੇ ਕਹਿ ਦਿਆ ਕਰਨ 'ਸਰ ਮੈਨ ਇੰਡੀਆ ਨਿਊ ਆਲ ਬਰੁੱਕ' ਉਨ੍ਹਾਂ ਵਿਚੋਂ ਇਕ ਨੇ ਟੁੱਟੀ ਫੁੱਟੀ ਅੰਗਰੇਜ਼ੀ ਬੋਲਣੀ ਅਤੇ ਦੂਸਰੇ ਨਾਲ ਲੱਗਦਾ ਪੰਜਾਬੀ ਵਿਚ ਕਹਿਣਾ ਯਾਰ ਕਿਉਂ ਐਂਵੇ ਲੱਲ੍ਹੇ ਮਾਰਦੈਂ ਤੂੰ ਬੋਈ ਨੂੰ ਕੰਮ ਦੇ ਅਗਾਂਹ - ਐਂਵੇ ਨੋ-ਵਰਕ ਲਾਈਐ। ਜਾਂ ਸੱਚ ਜਿਹੜੀ ਗੱਲ ਮੈਂ ਸੁਣਾਉਣੀ ਸੀ ਉਹ ਤਾਂ ਵਿਚੇ ਹੀ ਰਹਿ ਗਈ ਉਹ ਇਹ ਕਿ ਬਾਬਾ ਮਾਹਲਾ ਤਾਂ ਮਿੱਲ ਦੇ ਕੋਲੇ ਇਕ ਟੁੱਟੇ ਜਿਹੇ ਟਰੇਲਰ ਵਿੱਚ ਰਹਿੰਦਾ ਸੀ ਅਤੇ ਚੌਧਰੀਆ ਟਾਊਨ ਵਿਚ ਰਹਿੰਦਾ ਸੀ ਅਤੇ ਉਹ ਗੋਰੇ ਨਾਲ ਰਾਈਡ ਲੈਂਦਾ ਸੀ। ਪੁੱਠੀ ਸਿੱਧੀ ਬਾਤ ਕਰਕੇ ਉਹਨੇ ਇਕ ਦਿਨ ਮੈਨੂੰ ਵੀ ਕੰਮੋ ਬਾਦ ਗੋਰੇ ਦੀ ਕਾਰ ਵਿਚ ਬਿਠਾ ਲਿਆ, ਬਰਿੱਜ ਕੋਲ ਲਿਆ ਕੇ ਮੈਨੂੰ ਉਤਾਰਨ ਲੱਗੇ ਕਿਉਂਕਿ ਉਨ੍ਹਾਂ ਨੇ ਟਾਊਨ ਵਿਚ ਹੀ ਰਹਿਣਾ ਸੀ, ਮੇਰੇ ਲਈ ਤਾਂ ਬਰਿੱਜ ਟੱਪਣਾ ਉਹੋ ਹੀ ਪੁਆੜਾ ਸੀ, ਮੈਂ ਚੌਧਰੀਏ ਨੂੰ ਪੰਜਾਬੀ ਵਿਚ ਕਿਹਾ ਕਿ ਗੋਰੇ ਨੂੰ ਕਹਿ ਮੈਨੂੰ ਅਗਾਂਹ ਛੱਡ ਅਤੇ ਚੁੱਕ ਲਿਆਇਆ ਕਰੇ, ਮੈਂ ਪੈਸੇ ਦੇ ਦਿਆ ਕਰੂੰ। ਅਸੀਂ ਦੱਸੋ ਗੋਰੇ ਨੂੰ ਕਹੀਏ 'ਬਰਿੱਜ-ਕਰਾਸ-ਮਨੀ-ਫਾਈਵ।' ਗੋਰਾ ਤਾਂ ਇਹ ਸੋਚਕਿ ਇਹ ਅੱਜ ਨਵਾਂ ਚੰਗਾ ਬੰਦਾ ਬੈਠਾ ਰਾਈਡ ਲਈ, ਹੁਣ ਕਹਿੰਦਾ ਫਾਈਵ ਕਰ ਜਾਂ ਪੈਸੇ ਦੇ। ਪਰ ਮੈਂ ਆਪਦੇ ਪਾਸੇ ਤੋਂ ਡਰਾਂ ਕਿ ਜੇ ਤੁਰਨਾ ਪੈ ਗਿਆ ਕੀ ਪਤਾ ਮੰਡੀਹਰ ਫਿਰ ਕਿਸੇ ਦਿਨ ਗੱਲ ਪੈ ਜਾਵੇ। ਪਰ ਉਦਾਂ ਪਿਛਲੇ ਇਕ ਦੋ ਹਫ਼ਤੇ ਤੋਂ ਛੋਕਰੇ ਇਥੇ ਦੇਖੇ ਨਹੀਂ ਸਨ।"

"ਇਕ ਦਿਨ ਫਿਰ ਸੁਗਲ ਹੋਇਆ ਉਸੇ ਰਾਈਡ ਵਾਲੇ ਗੋਰੇ ਨੇ ਕੁਦਰਤੀ ਵਿਸਟ ਸਾਈਡ ਹੀ ਆਉਣਾ ਸੀ, ਚੌਧਰੀਆ ਤਾਂ ਬਰਿੱਜ ਦੇ ਖੂੰਜੇ ਤੇ ਹੀ ਉਤਰ ਖੜਿਆ, ਮੇਰੇ ਗੋਰਾ ਪੱਟਾਂ ਤੇ ਹੱਥ ਲਾਕੇ ਕਹਿੰਦਾ "ਯੂ-ਸਿੱਟ", ਮੈਂ ਲੱਖਣਾ ਜਿਹੀ ਲਾ ਲਈ ਕਿ ਇਹਨੇ ਵਿਸਟ ਉਧਰੇ ਹੀ ਜਾਣਾ ਹੋਵੇ ਕਿਉਂਕਿ ਕਾਰ ਬਰਿੱਜ ਤੇ ਚੜ੍ਹਨ ਲਈ ਸਿੱਧੀ ਹੀ ਖੜ੍ਹੀ ਸੀ ਜਦੋਂ ਚੌਧਰੀਏ ਨੂੰ ਉਤਾਰਿਆ ਸੀ। ਲੈ ਬਈ! ਬਰਿੱਜ ਲੰਘ ਕੇ ਗੋਰਾ ਮੈਨੂੰ ਸਟਰੀਟ ਪੁੱਛੇ, ਮੈਂ ਬੈਠਾ ਸਿਰ ਹਲਾਈ ਜਾਵਾਂ ਜਿਵੇਂ ਕੁੱਤੇ ਦੇ ਸਿਰ ਵਿਚ ਕੀੜੇ ਪਏ ਹੁੰਦੇ ਹਨ, ਅਖੀਰੀ ਉਹ ਮੇਰੇ ਵਾਲੀ ਸਟਰੀਟ ਲੰਘ ਚੱਲਿਆ ਤਾਂ ਮੈਂ 'ਸਟਾਪ-ਸਟਾਪ' ਦੀ ਰੱਟ ਲਾ ਲਈ ਅਤੇ ਨਾਲ ਕਹਾਂ 'ਥਰੇ-ਹੀਅਰ।' ਮਾੜੀ ਜਹੀ ਕਾਰ ਉਹਨੇ ਖੜੀ ਨਹੀਂ ਕੀਤੀ, ਤਾਂ ਮੈਂ ਛਾਲ ਮਾਰ ਕੇ ਬਾਹਰ ਇਉਂ ਨਿਕਲਿਆ ਜਿਵੇਂ ਕਾਰ ਵਿਚ ਸੱਪ ਆ ਗਿਆ ਹੋਵੇ। ਬਾਹਰ ਨਿਕਲ ਕੇ ਰੱਬ ਦਾ ਨਾਂ ਲਿਆ - ਸ਼ੁਕਰ ਕੀਤਾ ਖੋਰੇ ਸਾਲੇ ਨੇ ਕਿਥੇ ਲੈ ਜਾਣਾ ਸੀ।"

"ਵਾਹ! ਵਾਹ!! ਚਾਚਾ ਬਾਤ ਤੋਂ ਬਿਨਾਂ ਵੀ ਬੰਦਾ ਕਿਸੇ ਕੰਮ ਦਾ ਨਹੀਂ।"

"ਉਹੋ ਹੀ ਤਾਂ ਗੱਲ ਹੈ, ਹੁਣ ਤਾਂ ਭਲਾ ਆਪਣੇ ਬੰਦੇ ਬਹੁਤ ਹੋ ਗਏ, ਕੰਮ ਤੇ ਵੀ ਬਹੁਤੀ ਬੋਲਣ ਦੀ ਲੋੜ ਨਹੀਂ ਰਹਿੰਦੀ ਇਸ਼ਾਰਿਆਂ ਨਾਲ ਸਰ ਜਾਂਦਾ ਹੈ।"

"ਹੁਣ ਦੀ ਛੱਡ ਚਾਚਾ, ਕੋਈ ਪੁਰਾਣੀ ਹੀ ਸੁਣਾ।" "ਉਦੋਂ ਫਿਰ ਸਾਲ ਦੋ ਸਾਲ ਦੇ ਵਿਚ ਹੀ ਆਪਣੇ ਬਹੁਤ ਸਾਰੇ ਮੁੰਡੇ ਦੇਸੋਂ ਵਿਜ਼ਟਰ ਆਏ, ਅੰਗਰੇਜ਼ੀ ਤੋਤੇ ਵਾਂਗ ਬੋਲਣ ਵਿਰਲੇ-ਟਾਵੇਂ ਮੇਰੇ ਵਰਗੇ ਵੀ ਆਉਂਦੇ ਸਨ। ਹੌਲੀ ਹੌਲੀ ਅਸੀਂ ਉਸੇ ਮਿੱਲ ਵਿਚ ਅੱਠ ਦਸ ਜਣੇ ਹੋ ਗਏ, ਪਰ ਸਾਡੇ ਨਵਿਆਂ ਕੋਲ ਕਾਰ ਕਿਸੇ ਕੋਲ ਵੀ ਨਹੀਂ ਸੀ, ਅਸੀਂ ਪੰਜਾਂ-ਛੇਆਂ ਨੇ ਤਾਂ ਇਕ ਗੋਰੇ ਨਾਲ ਰਾਈਡ ਕਰ ਲਈ ਉਹ ਦਾ ਨਾਂ "ਰੋਨ" ਸੀ ਪਰ ਸਾਰੇ ਉਸਨੂੰ 'ਗਾਵਰ' ਹੀ ਸੱਦਦੇ ਸਾਂ। ਉਸ ਕੋਲ ਪੁਰਾਣਾ ਜਿਹਾ ਪਿੱਕ-ਅਪ ਸੀ। ਉਪਰ ਟੁੱਟੀ ਜਹੀ ਕੈਨੋਪੀ ਰੱਖੀ ਹੋਈ ਸੀ। ਲੈ-ਸੁਣ ਲੈ! ਹੜ੍ਹ ਹੋਵੇ ਸਿਆਲ ਹੋਵੇ ਅਸੀਂ ਦੋ ਢਾਈ ਸਾਲ ਉਹਦੇ ਵਿਚੀ-

ਕੁੱਕੜਾਂ ਵਾਂਗ ਤੜ ਕੇ ਜਾਂਦੇ ਆਉਂਦੇ ਰਹੇ। ਉਹ ਰਾਵਨ ਐਸਾ ਦੇਖਿਆ ਅਸੀਂ ਰਾਤ ਨੂੰ ਤਿੰਨ ਵਜੇ ਕੰਮੋਂ ਹਟਣਾ ਉਹ ਟਰੱਕੀ ਨੂੰ ਰਸਤੇ ਵਿਚ ਕੈਫ਼ੀ ਸ਼ਾਪ ਅੱਗੇ ਖੜੀ ਕਰਕੇ ਆਪ ਕੌਫ਼ੀ ਪੀਣ ਲੱਗ ਜਾਇਆ ਕਰੇ। ਕਿਤੇ ਚਾਰ ਵੱਜਦੇ ਨੂੰ ਘਰੇ ਆਉਣਾ, ਨਹਾ ਧੋ ਕੇ ਪੈਂਦਿਆਂ ਨੂੰ ਪੰਜ ਵੱਜ ਜਾਣੇ ਜਦ ਨੂੰ ਸਵੇਰ ਦੀ ਸ਼ਿਫ਼ਟ ਵਾਲੇ ਉਠ ਖੜੇ ਹੁੰਦੇ, ਟੌਇਲਟ ਦਾ ਪਾਣੀ ਸ਼ਰਰ-ਸ਼ਰਰ ਲਾਈ ਰੱਖਦਾ। ਰਹਿੰਦੇ ਵੀ ਅਸੀਂ ਕਈ ਅਠਾਰਾਂ ਜਣੇ ਸੀ, ਤਿੰਨ ਬੈਡਰੂਮ ਦਾ ਹੀ ਮਕਾਨ ਸੀ, ਕਮਰੇ ਵੀ ਛੋਟੇ ਛੋਟੇ ਹੀ ਸਨ, ਸਮਝ ਲਓ ਹੇਠ ਉਤੇ ਹੀ ਸੌਂਦੇ ਸੀ, ਧਮੱਚੜ ਹੀ ਪਈ ਰਿਹਾ ਕਰੇ ਚੱਜ ਨਾਲ ਕਿਹੜਾ ਸੌਣਾ ਮਿਲਦਾ ਸੀ। ਵੀਕਐਂਡ ਤੇ ਤਾਂ ਹੋਰ ਮੇਲਾ ਲੱਗ ਜਾਂਦਾ ਸੀ, ਪਰ ਮਾਲਕ ਮਕਾਨ ਨੂੰ ਤਾਂ ਮੌਜਾਂ ਲੱਗੀਆਂ ਹੋਈਆਂ ਸਨ ਕੱਲੇ-ਕੱਲੇ ਤੋਂ ਪੈਂਤੀ-ਪੈਂਤੀ ਡਾਲਰ ਲੈਂਦਾ ਸੀ।"

"ਐਂ ਤਾਂ ਚਾਚਾ ਆਪਣੇ ਮੁਲਕ ਵਿਚ ਭਈਏ ਵੀ ਨਹੀਂ ਰਹਿੰਦੇ, ਉਹ ਵੀ ਅੱਜ ਕਲ ਸਟੈਂਡਰਡ ਨਾਲ ਰਹਿੰਦੇ ਨੇ ਤੁਸੀਂ ਤਾਂ ਜਮਾਂ ਈ ਹੱਦ ਕਰਤੀ ਸੀ।"

"ਬਈ! ਕਰਦੇ ਵੀ ਕੀ? ਮਕਾਨ ਤਾਂ ਭਾੜਿਆ ਨਾ ਸੀ ਮਿਲਦਾ ਉਸ ਮੌਕੇ। ਗਰੋਸਰੀ ਅਸੀਂ ਸਾਂਝੀ ਲਿਆਉਂਦੇ ਸੀ, ਪਰ ਪੰਜ ਚਾਰ ਜਣੇ ਆਪੋ ਆਪਣੀ ਫਰਿੱਜ ਵਿਚ ਲਿਆ ਕੇ ਰੱਖਦੇ ਸਨ। ਪਰ ਪੇ-ਚਿੱਕ ਵੀ ਘੱਟ ਹੀ ਹੁੰਦੀ ਸੀ ਜ਼ੋਰ ਲਾਇਆਂ ਇਕੱਲੇ ਦੀ ਦੋ ਵੀਕ ਨਹੀਂ ਮੁੱਕਦੀ ਸੀ।"

"ਇਕ ਵਾਰੀ ਕੀ ਹੋਇਆ, ਅਸੀਂ ਦੋ ਜਣਿਆਂ ਨੇ ਦੂਸਰਿਆਂ ਦਾ ਦੁੱਧ ਦਾ ਡੱਬਾ ਪੀ ਲਿਆ ਚਾਰ ਲਿਟਰ ਵਾਲਾ, ਦੁੱਧ ਪੀ ਕੇ ਡੱਬਾ ਬਾਹਰ ਸੁੱਟ ਦਿੱਤਾ, ਜਿਹਦਾ ਦੁੱਧ ਸੀ ਉਹ ਤਾਂ ਕਹੇ 'ਮੈਂ ਹੁਣੇ ਹੀ ਪੁਲਸ ਨੂੰ ਫੋਨ ਕਰਦੈਂ' ਉਹ ਡੱਬੇ ਉਪਰੋਂ ਫਿੰਗਰ-ਪਰਿੰਟ ਮਿਲਾ ਕੇ ਪਤਾ ਕਰ ਲੈਣਗੇ ਕਿ ਕੀਹਨੇ ਦੁੱਧ ਪੀਤਾ, ਅਸੀਂ ਦੋਨੋਂ ਪਹਿਲੇ ਤਾਂ ਹੱਸਦੇ ਰਹੇ ਪਰ ਮਗਰੋਂ ਡਰ ਗਏ ਕਿ ਇਹ ਪੜ੍ਹਿਆ-ਲਿਖਿਆ ਕੁਸ਼ ਜ਼ਿਆ-ਦਾ ਹੀ ਹੈ, ਕੀ ਪਤਾ ਫੋਨ ਕਰ ਹੀ ਦੇਵੇ ਅਸੀਂ ਡਰਦਿਆਂ ਨੇ ਦੱਸ ਦਿੱਤਾ ਕਿ ਸਾਥੋਂ ਗਲਤੀ ਹੋ ਗਈ। ਸਾਰੇ ਸਾਡੇ ਛਿੱਲੇ ਜਿਹੇ ਮੂੰਹ ਦੇਖ ਕੇ ਖਿੜ-ਖਿੜਾ ਕੇ ਹੱਸ ਪਏ ਬਈ ਦੁੱਧ ਪਿਛੇ ਪੋਲੀਸ ਨੂੰ ਥੋੜ੍ਹੋ ਫੂਨ ਕਰਨਾ ਸੀ, ਉਨ੍ਹਾਂ ਰਲ ਕੇ ਸਾਨੂੰ ਜਾਨੀ-ਵਾਕਰ ਦੀ ਇਕ ਬੋਤਲ ਦਾ ਡੰਨ ਲਾ ਦਿੱਤਾ। ਛੇ ਡਾਲਰ ਅਤੇ ਵੀਹ ਸੈਂਟ ਦੀ ਉਹ ਬੋਤਲ ਆਉਂਦੀ ਸੀ ਅਸੀਂ ਕੱਢ ਕੇ ਪੈਸੇ ਮੂਹਰੇ ਮਾਰੇ।"

"ਸਾਡੇ ਵਾਲੀ ਇਹ ਗੱਲ ਵੀਕ ਡੇਢ ਵੀਕ ਕੁੱਕ ਵਿਚ ਚਲਦੀ ਰਹੀ, ਦੂਜੇ ਕੁ ਹਫਤੇ ਹੀਰੇ ਤੇ ਬੰਟੂ ਦਾ ਰੌਲਾ ਪੈ ਗਿਆ, ਹੀਰੇ ਨੇ ਬੰਟੂ ਦੀ ਆਂਡਿਆਂ ਦੀ ਦਰਜਨ ਕੱਢੀ ਹੀ ਪੀ ਲਈ। ਜਦ ਬੰਟੂ ਨੂੰ ਪਤਾ ਲੱਗਾ ਉਹਨੇ ਹੀਰੇ ਦੀ ਪੈਨ ਕੇਕਾਂ ਤੇ ਪਾਉਣ ਵਾਲੀ ਸਰਪ" ਦੀ ਸ਼ੀਸ਼ੀ ਮੂੰਹ ਨੂੰ ਲਾ ਲਈ। ਜਦ ਮੈਂ ਸਰਪ ਵਾਲੀ ਸ਼ੀਸ਼ੀ ਮੂੰਹ ਤੇ ਲੱਗੀ ਦੇਖੀ ਮੈਂ ਉਹਨੂੰ ਬਥੇਰਾ ਹਟਾਇਆ ਦੇਖੀਂ ਉਏ ਸਾਰਾ ਨਾ ਪੀਵੀਂ ਮਰੋੜ ਲਗ ਜਾਣਗੇ, ਪਰ ਉਹ ਕਿਥੇ ਸੁਣੇ ਅੱਗੋਂ ਕਹਿੰਦਾ ਮੈਂ ਕਈ ਦਿਨਾਂ ਦਾ ਜੁਲਾਬ ਲੈਣ ਨੂੰ ਫਿਰਦਾ ਸੀ, ਨਾਲੇ ਇਹ ਖੰਘ ਖੁਰਕ ਤੋਂ ਚੰਗਾ ਹੁੰਦਾ।"

"ਉਂਅ ਤਾਂ ਚਾਚਾ! ਮੌਜੇ ਵੀਆਂ ਤੀਆਂ ਹੀ ਲੱਗੀਆਂ ਰਹਿੰਦੀਆਂ ਹੋਣਗੀਆਂ!" "ਤੇ-ਹੋਰ ਮੇਲਾ ਭਰਿਆ ਹੀ ਰਹਿੰਦਾ ਸੀ, ਦੋ ਆ ਗਏ ਦੋ ਚਲੇ ਗਏ। ਇਸੇ ਤਰ੍ਹਾਂ ਦਿਨ ਲੰਘਦੇ ਗਏ – ਇਕ ਦਿਨ ਵੀਕਐਂਡ ਤੇ ਅਸੀਂ ਦੋ ਚੌਂਹ ਤੋਂ ਬਿਨਾਂ ਸਾਰੇ ਹੀ ਸਰੂਰ ਜਿਹੇ ਵਿਚ ਸਾਂ, ਕਿਸੇ ਨੇ ਦੋ ਡਰਿੰਕ, ਕਿਸੇ ਨੇ ਇਕ, ਕਿਸੇ ਨੇ ਪਊਆ ਪੀਤਾ ਹੋਇਆ ਸੀ, ਸਾਰੇ ਆਪੋ ਆਪਣੀਆਂ ਪਦੱਲੇ ਦੀਆਂ ਛੱਡੀ ਜਾਂਦੇ ਸਨ, ਬਾਹਰੋਂ ਕਿਸੇ ਦਾ ਫੂਨ ਆਇਆ ਕਿ "ਬਾਬੇ ਮਾਹਲੇ" ਨੂੰ ਕਾਲਿੱਜ ਤੇ ਮੰਡੀਰ ਨੇ ਘੇਰਿਆ ਹੋਇਆ ਹੈ ਅਤੇ ਉਸ ਦੀ ਪੱਗ ਲਾਹ ਕੇ ਉਸ ਦੇ ਸਿਰ ਵਿਚ ਬੀਅਰ ਪਾ ਰਹੇ ਹਨ। ਸੁਣਕੇ ਸਾਰਿਆਂ ਨੂੰ ਇਕ ਰੋਹ ਜਿਹਾ ਪੈ ਗਿਆ, ਸਾਰੇ ਏਦੂੰ ਤਾਂ ਮਰ ਗਏ ਹੀ ਚੰਗੇ ਹਾਂ, ਇੰਨ੍ਹਾਂ ਕੰਜਰਾਂ ਨੇ ਤਾਂ ਇਸ ਤਰ੍ਹਾਂ ਹੱਟਣਾ ਨਹੀਂ, ਅੱਜ ਮਰ ਜਾਈਏ ਜਾਂ ਮਾਰ-ਦਈਏ। ਕਈਆਂ ਨੇ ਇਕ ਇਕ ਹੋਰ ਪੈਗ ਮਾਰਿਆ ਅਤੇ ਇਕ ਦੂਜੇ ਕਹਿਣ ਲੱਗੇ ਅੱਜ ਵੱਟਾ ਵੱਟੀ ਕੱਢ ਕੇ ਹੀ ਸਾਹ ਲਵਾਂਗੇ। ਚੱਕੋ ਉਠੋ ਬੈਠੇ ਕੀ ਦੇਖਦੇ ਹੋ, ਚੱਕੋ ਜੋ ਕੁਛ ਹੱਥ ਆਉਂਦਾ, ਸਾਡੇ ਵਿਚੋਂ ਪਿਛਲੇ ਹਫ਼ਤੇ ਹੀ "ਛਿੰਦੇ" ਨੇ ਇਕ ਪੁਰਾਣੀ ਜਹੀ ਕਾਰ ਲਈ ਸੀ, ਉਹਨੇ ਹਾਲੇ ਡਰਿੰਕ ਨਹੀਂ ਲਾਇਆ ਸੀ, ਗਲਾਸ ਹੀ ਭਾਲਦਾ ਫਿਰਦਾ ਸੀ। ਜਦ ਨੂੰ ਫੋਨ ਆ ਗਿਆ ਉਹਨੂੰ ਸਾਰਿਆਂ ਨੇ ਡਰਿੰਕ ਲਾਉਣ ਤੋਂ ਰੋਕ ਦਿੱਤਾ ਕਿ ਤੂੰ ਕਾਰ ਚਲਾਉਣੀ ਹੈ। ਛਿੰਦੇ ਨੇ ਦਿੱਤਾ ਮੁੱਛਾਂ ਨੂੰ ਤਾਅ ਅਤੇ ਮਾਰੀ ਸਿਲਫ਼, ਦੇ ਕੇ ਹੋਕਾ, ਕਹਿੰਦਾ ਆ ਜਾਓ, ਹੁਣ ਦੇਰ ਨਾ ਲਾਓ, ਬਸ ਫੇਰ ਕੀ ਸੀ ਅਸੀਂ ਇਕ ਦੂਜੇ ਦੇ ਉਤੋਂ ਕਿਸੇ ਹੱਥ ਕੁਹਾੜਾ, ਕਿਸੇ ਕੋਲ ਰਾਡ ਕਿਸੇ ਹੱਥ ਗਾਰੀ, ਕੋਈ ਜੈਕ ਚੱਕੀ ਫਿਰੇ ਕਈ ਖਾਲੀ ਹਥ ਹੀ ਕਾਰ ਵਿਚ ਬੈਠ ਗਏ। ਲੈ ਫਿਰ ਦੇਖ ਲੈ! ਗੋਰਿਆਂ ਦੀ ਉਸ ਮੰਡੀਰ ਦੇ ਉਹ ਪਟਾਕੇ ਪਾਏ ਕਿ ਉਹ ਪਟਾਕੇ ਪਾਏ ਬੱਸ ਚਲੇ ਕੁਹਾੜੇ ਤੇ ਕੁਹਾੜਾ, ਕੁਛ ਤਾਂ ਸਾਨੂੰ ਦੇਖ ਕੇ ਪਹਿਲਾਂ ਹੀ ਭੱਜ ਗਏ, ਰਹਿੰਦੇ ਖੂੰਹਦਿਆਂ ਨੂੰ ਅਸੀਂ ਮੰਨੇ ਦੇ ਸਿੱਖ ਬਣਾ ਦਿੱਤਾ, ਦੋ ਤਿੰਨ ਤਾਂ ਹਸਪਤਾਲ ਭੇਜੇ ਪਤਾ ਹੀ ਨਹੀਂ ਸੀ ਕੀ ਦਾ ਕੀ ਹੋ ਜਾਂਦਾ, ਜਦ ਨੂੰ ਪੋਲੀਸ ਦੀਆਂ ਦੋ ਗੱਡੀਆਂ ਹਾਰਨ ਵਜਾਉਂਦੀਆਂ ਆਉਣ। ਅਸੀਂ ਅੱਖ ਦੇ ਫੋਰ ਵਿਚ ਹੀ ਕਾਰ ਵਿਚ ਬੈਠ ਕੇ ਕਾਰ ਭਜਾ ਲਈ ਪਰ ਪੋਲੀਸ ਵਾਲਿਆਂ ਨੇ ਕਿਥੇ ਛੱਡਣਾ ਸੀ। ਸਾਡੀ ਕਾਰ ਉਨ੍ਹਾਂ ਨੇ ਖੜੀ ਕਰਵਾ ਲਈ ਅਤੇ ਸਾਨੂੰ ਬਾਹਰ ਨਿ-ਕਲਣ ਲਈ ਆਖਿਆ ਜਦ ਅਸੀਂ ਸੋਲਾਂ ਜਣੇ ਬਾਹਰ ਨਿਕਲੇ ਤਾਂ ਪੋਲੀਸ ਵਾਲੇ ਦੇਖ ਕੇ ਦੰਗ ਰਹਿ ਗਏ ਕਿ ਹੈਂ ਵਨ-ਟੂ, ਥ੍ਰੀ, ਸਿਕਸਟੀਨ, ਓ ਮਾਈ ਗਾਡ! ਉਨ੍ਹਾਂ ਨੇ ਕਾਨੂੰਨੀ ਕਾਰਵਾਈ ਕੀਤੀ, ਸਾਨੂੰ ਫੜ ਕੇ ਅੰਦਰ ਕਰ ਦਿੱਤਾ। ਅਗਲੇ ਦਿਨ ਪੰਜ-ਪੰਜ ਸੌ ਡਾਲਰ ਦੀ ਜ਼ਮਾਨਤ ਤੇ ਛੱਡੇ। ਦੂਸਰੇ ਦਿਨ ਸਾਰੇ ਟਾਊਨ ਨੇ ਏਕਾ ਕਰਕੇ ਹਰ ਇਕ ਆਦਮੀ ਤੋਂ ਪੱਚੀ-ਪੱਚੀ ਡਾਲਰ ਇਕੱਠੇ ਕੀਤੇ ਅਤੇ ਸਾਰਾ ਕੇਸ ਸਾਂਝੇ ਥਾਂ ਲੜਨਾ ਮਿਥਿਆ। ਦੇਖ ਲੈ ਪੁੱਤਰਾ! ਉਦੋਂ ਦੇ ਸਾਡੇ ਕੁਹਾੜੇ ਚਲਾਏ ਹੋਏ ਹੁਣ ਤੀਕ ਕੰਮ ਆਉਂਦੇ ਹਨ, ਮਜਾਲ ਹੈ ਕਿ ਕੋਈ ਗੋਰਾ ਅੱਖ ਚੁੱਕ ਕੇ ਵੀ ਦੇਖੇ। ਇਹ ਹੈ ਕੁਰਬਾਨੀ – ਹੁਣ ਜ਼ਮਾਨਾ ਇਹ ਆ ਗਿਆ ਜੇ ਆਪਣਾ ਆਪਸ ਵਿਚ ਕੁਛ ਕਹਿ ਜਾਏ ਤਾਂ ਮਰਨ-ਮਰਾਉਣ; ਗੋਰਾ ਭਾਵੇਂ ਸਗੀ ਹੋਈ ਗਾਲ੍ਹ ਕੱਢੇ, ਜੀਅ ਜੀਅ ਕਰਕੇ ਅਗਾਂਹ ਲੰਘ ਜਾਣਗੇ।"

"ਚਾਚਾ! ਗੱਲਾਂ ਤੇਰੀਆਂ ਵਾਕਿਆ ਈ ਸੁਨਣ ਵਾਲੀਆਂ ਹਨ, ਇਹ ਦੱਸ ਕਿ ਬਾਕੀ ਹੁਣੀ ਸਾਰੇ ਕਿਵੇਂ ਆਏ?"

"ਇਹ ਤਾਂ ਸਟੋਰੀ ਬਹੁਤ ਲੰਬੀ ਹੈ, ਮੈਨੂੰ ਹੀ ਪਤਾ ਕਿ ਕਿਵੇਂ ਕਿਵੇਂ ਕੀਤਾ ਪਰ ਉਸ ਪਰਮਾਤਮਾ ਦੀ ਕ੍ਰਿਪਾ ਨਾਲ ਕੰਮ ਸਿਰੇ ਚੜ੍ਹ ਹੀ ਗਿਆ, ਪਰ ਉਮੀਦ ਕੋਈ ਨਹੀਂ ਸੀ। ਇਹ ਦੇਖ ਲੈ! ਜਿਸ ਦਿਨ ਇਹ ਜੁਆਕ-ਜੱਲਾ ਸਾਰਾ ਵੈਨਕੋਵਰ ਆਇਆ, ਆਪਾਂ ਜਾਣੀ ਜੱਗ ਹੀ ਲਾਤਾ ਸੀ, ਮਿੱਠੇ ਵਾਲੇ ਮਿੱਠਾ ਖਾਣ ਅਤੇ ਕੌੜੇ ਪਾਣੀ ਵਾਲੇ ਆਪਣਾ ਬਾਂਓ ਬਾਈਂ ਲਿਟਦੇ ਫਿਰਦੇ ਸੀ।"

"ਲੈ! ਤੈਨੂੰ ਹੋਰ ਦੱਸਾਂ! ਜਦ ਨਿਆਣੇ ਵੈਨਕੋਵਰੋਂ ਸਾਰੇ ਇਥੇ ਪਹੁੰਚੇ, ਮਤਲਬ ਆਪਣੇ ਇਸੇ ਘਰ ਵਿਚ, ਅਸੀਂ ਆ-

ਉਂਵੇਂ ਤਾਂ ਥੱਕੇ ਹੋਏ ਸਾਰੇ ਪੈ ਗਏ ਪਰ ਅਗਲੇ ਦਿਨ ਮੈਂ ਸਵੇਰੇ ਹੀ ਉਠਿਆ, ਜਰਾ ਖੁਲ੍ਹੇ ਹੱਥ ਨਾਲ ਗਰੌਸਰੀ ਲਿਆਇਆ। ਜਦ ਨਿਆ-ਣਿਆਂ ਨੇ ਘਰ ਆਏ ਕੇਲੇ, ਮਾਲਟੇ, ਸੰਤਰੇ ਦੇਖੇ - ਉਹ ਤਾਂ ਬਈ ਟਪੂਸੀਆਂ ਲਾਉਂਦੇ ਫਿਰਨ, 'ਅਖੇ ਬਾਪੂ ਆਪਣੀ ਦੁਕਾਨ ਪਾਈ ਐ।' ਇਕ ਕਹਿੰਦਾ ਫਿਰੇ 'ਕੇਲੇ ਸੰਤਰੇ ਖਾਵਾਂਗੇ, ਛਿੱਲੜ ਵਗਾਵਾਂਗੇ, ਬਾਪੂ ਦੇ ਲੱਤ ਮਾਰਾਂਗੇ।' ਮੈਂ ਸੋਚਿਆ ਮਿੱਤਰਾ ਖੈਰ ਨਹੀਂ ਮਸਾਂ ਤਾਂ ਅੱਜ ਇਥੇ ਪਹੁੰਚੇ ਹਨ। ਕੱਲ੍ਹ ਨੂੰ ਪਤਾ ਨਹੀਂ------ ਗੱਲ ਮੁੱਕਦੀ। ਸਾਰੇ ਨਿਆਣੇ ਆਪਾਂ ਭਤੀਜ ਸਕੂਲ ਲਾ ਦਿੱਤੇ। ਬਾਕੀ ਤਿੰਨੇ ਤਾਂ ਪੜ੍ਹੀ ਜਾਂਦੇ ਹਨ, ਪਰ ਵੱਡੇ ਨੇ ਪਹਿਲਾਂ ਹੀ ਸਕੂਲ ਲੱਤ ਨਹੀਂ ਲਾਈ ਸੀ। ਸਕੂਲੋਂ ਹਟ ਕੇ ਉਹ ਪਹਿਲਾਂ ਪਾਰਟ ਟਾਈਮ ਕੰਮ ਤੇ ਜਾਣ ਲੱਗ ਪਿਆ। ਹੁਣ ਤਾਂ ਸਟੱਡੀ ਕੰਮ ਕਰਦਾ ਹੈ। ਤੈਨੂੰ ਪਤਾ ਹੀ ਹੈ ਭਤੀਜ ਪਿਛੇ ਜਹੇ ਮਗਰ ਵੀ ਚਾਰ ਸਿਆਪੇ ਨਾਲ ਰਲਾਏ।" ਅਸੀਂ ਗੱਲਾਂ ਹੀ ਕਰ ਰਹੇ ਸੀ, ਬਾਹਰ ਡਰਾਈਵੇ ਦੇ ਵਿਚ ਆ ਕੇ ਕਾਰ ਰੁੱਕੀ। ਚਾਚੇ ਤੋਂ ਗੁੱਸੇ ਵਿਚ ਰਿਹਾ ਹੀ ਨਾ ਗਿਆ :

"ਲੈ ਆ ਗਿਆ ਭੜੂਆ! ਪਤਾ ਨਹੀਂ ਕਿਥੇ ਕਿਥੇ ਝੱਖ ਮਾਰਦੈ ਰਹਿੰਦਾ ਸਾਰੀ ਰਾਤ, ਕੱਲ੍ਹ ਦਾ ਗਿਆ ਹੁਣ ਆਇਆ ਮਾਂ ਤੋਂ ਰੋਟੀ ਖਾ ਕੇ ਫਿਰ ਮੁੜ ਜੂ । ਜੇ ਸਾਲੇ ਨੂੰ ਕਹੀਏ ਤੇਰਾ ਵਿਆਹ ਕਰ ਦਿੰਦੇ ਹਾਂ ਤਾਂ ਅੱਗੋਂ ਸੂਈ ਕੁੱਤੀ ਵਾਂਗ ਪਊ। ਕੰਜਰ ਨੂੰ ਬਥੇਰਾ ਸਮਝਾਇਆ ਪਰ ਨਹੀਂ ਸਮਝਦਾ। ਆਪੇ ਰਹੂ ਜਦ ਕੰਨਾਂ ਨੂੰ ਹੱਥ ਲੱਗ ਗਏ, ਜੇ ਪੁੱਛੀਏ ਦੱਸ ਕਿਥੇ ਗਿਆ ਸੀ, ਬੱਸ ਨੀਵੀਂ ਪਾ ਕੇ ਬੈਠਾ ਰਹੂ। ਅਸਲ ਜੇ ਪੁੱਛੇਂ ਭਤੀਜ! ਤਾਂ ਦੁਖੀ ਇਸੇ ਕੰਜਰ ਨੇ ਮੈਨੂੰ ਕੀਤਾ ਬਈ ਦੀਂਦਾ ਕਦੀ ਤਾਂ ਟਾਈਮ ਸਿਰ ਘਰ ਆਵੇ। ਕਦੀ ਕਦੀ ਔਖ ਕੇ ਕਹਿਣਾ ਕਿਧਰ ਗਿਆ ਸੀ ਓਏ, 'ਮੈਂ ਬਾਪੂ ਕੰਮ ਗਿਆ ਸੀ "ਆਲ ਦੀ ਟਾਈਮ" ਬੋਲੋ ਦੱਸ ਦੇਣਾ, ਐਵੇਂ ਬਾਹਰ ਘੁੰਮਣ ਫਿਰਨ ਗਏ ਸੀ' ਕਹਿ ਕੇ ਟਾਲ ਦੇਣਾ।"

"ਮੈਂ ਤਾਂ ਬਹੁਤ ਤੰਗ ਆ ਗਿਆ ਹਾਂ, ਦੇਖ ਦੇਖ ਮਨ ਨੂੰ ਝੋਰਾ ਲੱਗਦਾ ਹੈ ਹੋਰ ਇਕ ਛੋਟਾ ਅਤੇ ਦੋ ਛੋਟੀਆਂ ਕੁੜੀਆਂ ਹਨ, ਪਤਾ ਨਹੀਂ ਉਹ ਕੀ ਕੁਝ ਕਰਨਗੇ। ਵੱਡੇ ਵੱਲ ਹੀ ਦੇਖ ਕੇ ਸੋਚੀਦਾ, ਬਈ ਤੂੰ ਕੱਲ੍ਹ ਦਾ ਛੋਕਰਾ! 'ਆਲ ਦੀ ਟਾਈਮ' ਤਾਂ ਕਹਿਣ ਲੱਗ ਪਿਆਂ, ਕਦੀ ਇਹ ਵੀ ਸੋਚਿਆ ਪਿਉ ਨੇ ਤਕਲੀਫ਼ਾਂ ਝੱਲ ਕੇ ਤੈਨੂੰ ਦੇਸੋਂ ਸੱਦਿਆ, ਸਕੂਲ ਭੇਜਿਆ, ਅਖੀਰੀ ਪਿਉ ਲਈ ਸੋਹਣੀ ਸਾਬਾ-ਸੇ, ਸਦਕੇ ਜਾਵਾਂ ਬਈ! ਪਿਉ ਦਾਦੇ ਦਾ ਨਾਂ ਚਮਕਾਉਣ ਲੱਗੇ ਹੋ, ਬੱਲੇ ਉਏ ਨਹੀਂ ਰੀਸਾਂ······"

ਚਾਚੇ ਨੇ ਗੱਲ ਵੀ ਨਹੀਂ ਪੂਰੀ ਕੀਤੀ ਸੀ ਉਠ ਕੇ ਕਿਚਨ ਵੱਲ ਨੂੰ ਫਿਰ ਚਲਿਆ ਗਿਆ। ਜਦ ਮੁੜ ਕੇ ਆਇਆ ਤਾਂ ਉਹਦੇ ਹੱਥ ਵਿਚ ਗੱਦਰ ਜਿਹਾ ਡਰਿੰਕ ਸੀ। ਚਾਚੇ ਨੇ ਮੇਰੇ ਕੰਨ ਵਿਚ ਦੱਸਿਆ, "ਜਦੋਂ ਪਹਿਲਾਂ ਵੀ ਪਾਣੀ ਦੇ ਬਹਾਨੇ ਗਿਆ ਸੀ, ਦਰ ਅਸਲ ਡਰਿੰਕ ਹੀ ਲਾ ਕੇ ਆਇਆ ਸੀ।"

ਉਹ ਮੇਰੇ ਮੋਢੇ ਤੇ ਪੋਲਾ ਜਿਹਾ ਹੱਥ ਮਾਰਕੇ ਬੋਲਿਆ, "ਇਉਂ ਨਾ ਸੋਚੀਂ ਭਤੀਜ ਕਿਤੇ ਮੈਂ ਘੁੱਟ ਪੀਣੀ ਛੋਈ ਹੈ, ਇਹ ਤਾਂ ਐਵੇਂ ਸੁੱਖਣ ਵਾਸਤੇ ਹੀ ਹੈ। ਜੇ ਸਾਡਾ ਕਦੀ ਦਿਲ ਕਰੇ ਤਾਂ ਪਾਈਏ ਦਾ ਡਰਿੰਕ ਪਾਈਦਾ ਸਿੰਕ ਤੇ ਖੜਕੇ, ਘੱਟ ਘੱਟ ਖੋਲੀ ਅੰਦਰ ਸੁੱਟ ਕੇ ਮੁੜ ਬਹਿਦੈਂ।"

"ਪਰ ਚਾਚਾ ਤੂੰ ਏਨੀ ਡਰਿੰਕ ਕਿਉਂ ਪੀਨਾ, ਇਹ ਤਾਂ ਸਿਹਤ ਲਈ ਬਹੁਤ ਮਾੜੀ ਹੈ, ਐਵੇਂ ਨਾ ਜਾਣੀਏਂ ਕੋਈ ਮਾੜਾ ਦਿਨ ਆ ਜਾਵੇ। ਤੈਨੂੰ ਤਾਂ ਨਾਲੇ ਬਲੱਡ - ਪਰੈਸ਼ਰ ਹੈ, ਡਾਕਟਰ ਨੇ ਕਿਹਾ ਨਾ-ਪੀ - !"

"ਲੈ! ਇਹ ਤਾਂ ਮੈਨੂੰ ਵੀ ਪਤਾ ਹੈ, ਮਨ ਸਰੂਰ - ਚ - ਚਾਹੀਦਾ। ਸਵੇਰੇ ਗੋਲੀਆਂ ਖਾਧੀਆਂ ਹੁਣ ਨਸ਼ਾ ਪੀਤਾ। ਕਾਟੋ ਖੇਡਦੀ ਐ ਫੁੱਲਾਂ ਤੇ। ਆਪਾਂ ਕਿਸੇ ਨਾਲ ਮਾੜਾ ਨਹੀਂ ਕੀਤਾ ;ਲਾਣ ਦਾ ਕੀਤਾ ਜਿਹੜੀ ਅੱਜ ਪਛਾਣਦੀ ਵੀ ਨਹੀਂ। ਸਤ ਗਾਹੀ ਖਾਂ ਦੇ ਸਾਲੇ ਬਣ ਜਾਂਦੇ ਹਨ ਇਥੇ ਆ ਕੇ, ਪਰ ਕੁਝ ਤਾਂ ਸੋਚੋ ਕਿਸੇ ਦਾ ਮੁੱਲ ਤਾਂ ਪਾਓ ਜੇ ਨਹੀਂ ਪਾਉਣਾ ਮਾੜਾ ਤਾਂ ਨਾ ਕਰੋ। ਚਾਚਾ ਇਕੋ ਸਾਹੇ ਬੋਲਣ ਸ਼ੁਰੂ ਹੋ ਗਿਆ! ਕੰਜਰੋ ਬੇਈਮਾਨੋ ਕੁਝ ਤਾਂ ਅਕਲ ਦਿਮਾਗ ਤੋਂ ਕੰਮ ਲਓ---- ਜੇ ਨਹੀਂ ਦਿਮਾਗ ਵਰਤਨਾਂ ਤਾਂ ਮਰ ਜਾਓ ਅੰਦਰ ਵੜ ਕੇ ·····" ਚਾਚਾ ਪਤਾ ਨਹੀਂ ਕੀ ਕੁਝ ਦੱਸਦਾ ਪਰ ਚਾਚੀ ਦੀ ਅੰਦਰੋਂ ਕਿਚਨ ਵਿਚੋਂ ਆਵਾਜ਼ ਆਈ, "ਆ ਜਾਓ ਜੀ ਮੈਂ ਕਿਹਾ ਰੋਟੀ ਪਾਈ ਪਈ ਹੈ!"

"ਚੱਲ ਫਿਰ ਚਾਚਾ ਉੱਠ ਛੱਕੀਏ ਪ੍ਰਸ਼ਾਦੇ।" "ਹੂੰਅ ਜਾਣਾ ਹੀ ਪੈਣਾ ਤੇਰੀ ਚਾਚੀ ਦੀ ਸੁਭਾਅ ਦੀ ਕੱਚੀ ਹੀ ਹੈ ਨਹੀਂ ਤਾਂ ਇਥੇ ਆ ਕੇ ਕੁੱਤੇ ਖਾਣੀ ਕਰੂ।" ਉਠਦੇ ਹੋਏ ਚਾਚੇ ਦੇ ਚੇਹਰੇ ਤੋਂ ਹਰਵਿੰਦਰ ਨੇ ਪੜ੍ਹਿਆ ਜਿਵੇਂ ਉਹ ਦਿਲ ਦੀਆਂ ਦਿਲ ਵਿਚ ਹੀ ਲੈ ਕੇ ਗੁੱਸਾ ਉੱਠ ਖੜਿਆ ਹੋਵੇ। • (QUESNEL, B.C.

( 1. TWO-NINETY TWO
2. DEPORT
3. VISITOR
4. NATIVE INDIANS / RED INDIANS ਨੂੰ ਕੈਨੇਡੀਅਨ ਪੰਜਾਬੀ 'ਭਏ ਕੇ' ਕਹਿੰਦੇ ਹਨ।
5. WEST
6. VISITOR
7. SYRUP )

# ਆਂਧਰਾ ਪ੍ਰਦੇਸ਼ ਵਿੱਚ ਦਮਨ ਦਾ ਚੱਕਰ

## ਆਂਧਰਾ ਵਿੱਚ ਡਾ. ਰਾਮਾਨਾਥਨ ਦਾ ਕਤਲ - ਲੋਕ ਤੰਤਰ ਦਾ ਕਤਲ

[ਇਹ ਲੇਖ ਸਮਿਟ ਕੋਠਾਰੀ ਦੀ ਉਸ ਰਿਪੋਰਤਾਜ ਉੱਤੇ ਆਧਾਰਤ ਹੈ ਜੋ ਉਸਨੇ ਆਂਧਰਾ ਪ੍ਰਦੇਸ਼ ਵਿੱਚ ਲੋਕਾਂ ਦੇ ਜਮਹੂਰੀ ਅਧਿਕਾਰਾਂ ਨੂੰ ਕੁਚਲਣ ਲਈ ਸਰਕਾਰ ਵੱਲੋਂ ਚਲਾਏ ਗਏ ਦਮਨ-ਚੱਕਰ ਸਬੰਧੀ ਪੇਸ਼ ਕੀਤੀ ਹੈ]

ਡਾ. ਏ. ਰਾਮਾਨਾਥਮ ਆਂਧਰਾ ਪ੍ਰਦੇਸ਼ ਦੇ ਵਾਰੰਗਲ ਸ਼ਹਿਰ ਵਿਚ ਬੱਚਿਆਂ ਦੀਆਂ ਬੀਮਾਰੀਆਂ ਦਾ ਮਾਹਿਰ ਡਾਕਟਰ ਸੀ ਤੇ ਸ਼ਹਿਰੀ ਆਜ਼ਾਦੀਆਂ ਲਈ ਜੂਝਣ ਵਾਲਾ ਇਕ ਵੱਡਾ ਕਾਰਕੁੰਨ ਸੀ। 3 ਸਤੰਬਰ 1985 ਨੂੰ ਸ਼ਹਿਰ ਦੀ ਮੁੱਖ ਸੜਕ ਉਤੇ ਸਥਿਤ ਉਹਦੇ ਕਲੀਨਿਕ ਵਿਚ ਵੀਹ ਪੁਲਸੀਏ, ਜਿਨ੍ਹਾਂ ਵਿਚ ਅੱਧੇ ਵਰਦੀਧਾਰੀ ਸਨ, ਆਏ। ਇਹ ਪੁਲਸੀਏ ਉਸ ਜਲੂਸ ਦਾ ਹਿੱਸਾ ਸਨ ਜੋ ਸਬ-ਇਨਸਪੈਕਟਰ ਯਾਦਗਿਰੀ ਰੈਡੀ ਦੀ ਅਰਥੀ ਨਾਲ ਜਾ ਰਿਹਾ ਸੀ। ਯਾਦਗਿਰੀ ਰੈਡੀ ਨੂੰ ਪਿਛਲੇ ਦਿਨ ਕਿਸੇ ਅਣਪਛਾਤੇ ਵਿਅਕਤੀਆਂ ਨੇ ਕਤਲ ਕਰ ਦਿਤਾ ਸੀ। ਡਾਕਟਰ ਦੇ ਕਲੀਨਿਕ ਦਾ ਬੂਹਾ ਤੋੜ ਕੇ ਹਜੂਮ ਨੇ ਪਹਿਲਾਂ ਤਾਂ ਕੰਪਾਊਡਰ ਨੂੰ ਅਤੇ ਕਈ ਮਰੀਜ਼ਾਂ ਨੂੰ ਕੁੱਟਿਆ ਜਿਨ੍ਹਾਂ ਵਿਚ ਬਹੁਤੇ ਬੱਚੇ ਤੇ ਉਹਨਾਂ ਦੀਆਂ ਮਾਵਾਂ ਸਨ—ਤੇ ਫੇਰ ਹਜੂਮ ਨੇ ਗੁਆਂਢੀ ਦੀ ਦੁਕਾਨ ਤਕ ਭਜਦੇ ਡਾਕਟਰ ਰਾਮਾਨਾਥਮ ਦਾ ਪਿੱਛਾ ਕੀਤਾ ਤੇ ਫੇਰ ਉਹਨੂੰ ਬਹੁਤ ਨੇੜਿਉਂ ਗੋਲੀ ਮਾਰ ਦਿੱਤੀ।

—ਸ਼ਹਿਰੀ ਅਜ਼ਾਦੀਆਂ ਤੇ ਲੋਕਾਂ ਦੇ ਜਮਹੂਰੀ ਹੱਕਾਂ ਲਈ ਜੂਝਦੇ ਲੀਡਰ ਦਾ ਕਤਲ ਕੋਈ ਨਿੱਜੀ ਬਦਲੇ ਦੀ ਕਾਰਵਾਈ ਨਹੀਂ ਸੀ, ਸਗੋਂ ਆਂਧਰਾ ਪ੍ਰਦੇਸ਼ ਵਿਚ ਦਮਨ ਦੇ ਇਤਿਹਾਸ ਵਿਚ ਇਹ ਇਕ ਬਹੁਤ ਹੀ ਸੰਗੀਨ ਰੁਝਾਨ ਹੈ ਜਿਸ ਵਿਚ ਸਰਕਾਰੀ ਹਿੰਸਾ ਦੇ ਘਟੋ ਘੱਟ 'ਕੋਡ' ਨੂੰ ਵੀ ਬੜੀ ਬੇਸ਼ਰਮੀ ਨਾਲ ਤੋੜਿਆ ਗਿਆ। ਵੈਸੇ ਤਾਂ ਪਿਛਲੇ ਨੌਂ ਮਹੀਨਿਆਂ ਤੋਂ ਹੀ ਸ਼ਹਿਰੀ ਅਜ਼ਾਦੀਆਂ ਲਈ ਸੰਘਰਸ਼ ਕਰਦੇ ਲੋਕ ਉਤੇ ਤਰ੍ਹਾਂ ਤਰ੍ਹਾਂ ਦੇ ਹਮਲੇ ਹੁੰਦੇ ਆ ਰਹੇ ਹਨ ਪਰ ਡਾਕਟਰ ਰਾਮਾਨਾਥਮ ਦੇ ਕਤਲ ਨੇ ਹਿੰਦੁਸਤਾਨ ਭਰ ਦੇ ਲੋਕਾਂ ਨੂੰ ਗਹਿਰਾ ਦੁੱਖ ਤੇ ਸਦਮਾ ਪਹੁੰਚਾਇਆ ਹੈ। ਆਂਧਰਾ ਪ੍ਰਦੇਸ਼ ਵਿਧਾਨ ਸਭਾ ਦੇ 23 ਮੈਂਬਰਾਂ ਨੇ ਜਿਨ੍ਹਾਂ ਵਿਚ ਕੁਝ ਰਾਜ ਕਰ ਰਹੀ ਪਾਰਟੀ ਦੇ ਐਮ. ਐਲ. ਏ. ਵੀ ਹਨ, ਇਸ ਕਤਲ ਦੀ ਨਿਆਇਕ ਜਾਂਚ ਕਰਾਉਣ ਦੀ ਮੰਗ ਕੀਤੀ ਹੈ ਪਰ ਸਰਕਾਰ ਨੇ ਇਹ ਮੰਗ ਇਹ ਕਹਿ ਕੇ ਠੁਕਰਾ ਦਿਤੀ ਹੈ ਕਿ ਸੀ. ਆਈ. ਡੀ. ਵਲੋਂ ਜਾਂਚ ਦਾ ਹੁਕਮ ਦੇ ਦਿਤਾ ਜਾਵੇਗਾ। ਡਾਕਟਰ ਰਾਮਾਨਾਥਮ ਕਿੰਨੇ ਹਰਮਨ ਪਿਆਰੇ ਸਨ, ਇਸਦਾ ਪਤਾ ਇਸ ਤੱਥ ਤੋਂ ਲਗਦਾ ਹੈ ਕਿ ਦਫ਼ਾ 144 ਲਗਣ ਦੇ ਬਾਵਜੂਦ ਵੀ ਉਹਨਾਂ ਦੀ ਅਰਥੀ ਉਤੇ 10 000 ਲੋਕ ਇਕੱਠੇ ਹੋਏ। ਏਸ ਜਲੂਸ ਵਿਚ ਉਹਨਾਂ ਪੁਲਸੀਆ ਦੀਆਂ ਪਤਨੀਆਂ ਵੀ ਸਨ ਜਿਨ੍ਹਾਂ ਦੇ ਬੱਚਿਆਂ ਦਾ ਇਲਾਜ ਡਾਕਟਰ ਰਾਮਾਨਾਥਮ ਨੇ ਕੀਤਾ ਸੀ। ਆਂਧਰਾ ਪੁਲਸ ਦੇ ਮੂੰਹ ਤੇ ਏਸ ਤੋਂ ਵੱਡੀ ਚਪੇੜ ਕੀ ਹੋ ਸਕਦੀ ਹੈ?

ਆਂਧਰਾ ਸਰਕਾਰ ਵਲੋਂ ਜਮਹੂਰੀ ਅਧਿਕਾਰਾਂ ਲਈ ਲੜ ਰਹੀਆਂ ਜੱਥੇਬੰਦੀਆਂ ਦੇ ਵਰਕਰਾਂ ਉਤੇ ਹਮਲਾ ਇਸ ਸਬੰਧ ਵਿਚ ਰਾਸ਼ਟਰੀ ਪੱਧਰ ਤੇ ਹੋ ਰਹੇ ਹਮਲਿਆਂ ਦਾ ਹੀ ਅਕਸ ਹੈ। ਰਾਜ ਕਰ ਰਹੀ ਪਾਰਟੀ ਦੇ ਸ੍ਰੀ ਕਾਂਤ ਵਰਮਾ ਵਰਗੇ ਨੇਤਾਵਾਂ ਵਲੋਂ PUCL ਤੇ P.U.D.R. ਵਰਗੀਆਂ ਜਥੇਬੰਦੀਆਂ ਉਤੇ ਤਿਖੇ ਹਮਲੇ ਆਉਣ ਵਾਲੇ ਭੈੜੇ ਸਮੇਂ ਦੇ ਗੰਭੀਰ ਸੂਚਕ ਹਨ। ਇਹ ਹਮਲਾ 'ਸਿਟੀਜ਼ਨ ਫਾਰ ਡੈਮੋਕਰੇਸੀ' ਉਤੇ ਵੀ ਹੋਇਆ ਕਿਉਂਕਿ ਇਸ ਜਥੇਬੰਦੀ ਨੇ ਸਟੇਟ ਵਲੋਂ ਪੰਜਾਬ ਵਿਚ ਕੀਤੇ ਜ਼ੁਲਮ-ਤਸ਼ੱਦਦ ਦੀ ਵਿਸਥਾਰਤ ਰਿਪੋਰਟ ਛਾਪੀ ਸੀ। ਇਸ ਰਿਪੋਰਟ ਦੀਆਂ ਸਾਰੀਆਂ ਕਾਪੀਆਂ ਜ਼ਬਤ ਕਰ ਲਈਆਂ ਗਈਆਂ ਤੇ ਇਸ ਜਥੇਬੰਦੀ ਦੇ ਜਨਰਲ ਸਕੱਤਰ ਐਨ. ਡੀ. ਪੰਚੋਲੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਮਸ਼ਹੂਰ ਕਾਨੂੰਨ ਮਾਹਿਰ ਵੀ. ਐਮ. ਤਾਰਕੁੰਡੇ ਨੂੰ ਵੀ ਗ੍ਰਿਫ਼ਤਾਰ ਕਰਨ ਦੀ ਮੰਗ ਵਰਮਾ ਨੇ ਕੀਤੀ। ਜਮਹੂਰੀ ਜਥੇਬੰਦੀਆਂ ਉਤੇ ਇਸ ਤਰ੍ਹਾਂ ਦੇ ਹਮਲੇ ਇਸ ਗੱਲ ਦਾ ਸਬੂਤ ਹਨ ਕਿ ਰਾਜ ਕਰ ਰਹੀਆਂ ਸ਼ਕਤੀਆਂ ਅਤਿਵਾਦੀ ਕਾਰਵਾਈਆਂ ਅਤੇ ਸ਼ਹਿਰੀ-ਆਜ਼ਾਦੀਆਂ ਲਈ ਲੜੇ ਜਾਂਦੇ ਘੋਲਾਂ ਵਿਚਲੇ ਬੁਨਿਆਦੀ ਫਰਕ ਨੂੰ ਮਿਟਾ ਰਹੀਆਂ ਹਨ।

ਅੰਤਾਂ ਦੀ ਗਰੀਬੀ, ਅੰਤਾਂ ਦਾ ਪੁਲਸ ਤਸ਼ੱਦਦ, ਸਰਕਾਰੀ ਨਾਹਰੇ ਬਾਜ਼ੀ ਦਾ ਖੋਖਲਾਪਨ ਬਹੁਤ ਥੋੜੇ ਅਮੀਰਜ਼ਾਦਿਆਂ ਵਲੋਂ ਹਥਿਆਏ ਜਾਂਦੇ ਸਭ ਸੁੱਖ ਸਹੂਲਤਾਂ, ਸਰਕਾਰੀ ਦਮਨ ਤੇ ਪ੍ਰਬੰਧਕੀ ਅਲਗਾਵ— ਇਹ ਤਸਵੀਰ ਆਂਧਰ ਪ੍ਰਦੇਸ਼ ਦੀ ਹੈ। ਇਥੇ ਕਿੰਨੇ ਹੀ ਦਹਾਕਿਆਂ ਤੋਂ ਪੇਂਡੂ ਗਰੀਬ ਸਰਕਾਰ ਵਲੋਂ ਘੋਸ਼ਿਤ ਨੀਤੀਆਂ ਅਨੁਸਾਰ ਉਡੀਕ ਰਹੇ ਹਨ ਕਿ ਜ਼ਮੀਨੀ ਸੁਧਾਰਾਂ ਨੂੰ ਲਾਗੂ ਕੀਤਾ ਜਾਵੇ, ਘਟੋ ਘੱਟ ਨਿਸਚਿਤ ਮਜ਼ਦੂਰੀ ਦਿਤੀ ਜਾਵੇ—ਅੰਤਾਂ ਦੀ ਗਰੀਬੀ ਤੇ ਗੁਲਾਮੀ ਨੂੰ ਦੂਰ ਕੀਤਾ ਜਾਵੇ। ਤੇਲੰਗਾਨਾ ਵਿਚ ਘਟੋ ਘਟ ਮਜ਼ਦੂਰੀ ਸਾਢੇ ਸੱਤ ਰੁਪਏ ਹੈ। ਪਰ ਅਸਲ ਵਿਚ ਔਰਤਾਂ ਦੀ ਦਿਹਾੜੀ ਦੋ ਤੋਂ ਪੰਜ ਰੁਪਏ ਚਲਦੀ ਹੈ—ਤੇ ਮਰਦਾਂ ਦੀ ਪੰਜ ਰੁਪਏ। ਇਹ ਲੋਕ ਘਟੋ ਘੱਟ ਨਿਸਚਿਤ ਮਜ਼ਦੂਰੀ ਲੈਣ ਲਈ ਤੇ ਜ਼ਮੀਨੀ ਸੁਧਾਰਾਂ ਲਈ ਜਥੇਬੰਦ ਹੋ ਰਹੇ ਹਨ।

—ਦੇਸ਼ ਦੇ ਹੋਰਨਾਂ ਭਾਗਾਂ ਵਾਂਗ ਕਾਨੂੰਨ ਤੇ ਸਰਕਾਰ ਇਥੇ ਵੀ ਸਰਕਾਰ ਸਮਾਜਕ-ਆਰਥਕ ਸੰਘਰਸ਼ਾਂ ਨੂੰ ਜੁਰਮ ਕਰਾਰ ਦਿੰਦੀ ਹੈ। ਇਹਨਾਂ ਲੋਕਾਂ ਦੇ ਹੱਕੀ ਸੰਘਰਸ਼ਾਂ ਨੂੰ ਰਾਜ ਸੱਤਾ ਲਈ ਖਤਰਾ ਸਮਝਿਆ ਜਾਂਦਾ

ਹੈ ਤੇ ਉਹਨਾਂ ਉਤੇ ਕਈ ਤਰ੍ਹਾਂ ਦੇ ਦੋਸ਼ ਲਾ ਕੇ ਨਵੇਂ ਕੇਸ ਮੜ੍ਹ ਦਿਤੇ ਜਾਂਦੇ ਹਨ।

ਆਂਧਰਾ ਪ੍ਰਦੇਸ਼ ਵਿਚ ਮਨੁੱਖੀ ਜ਼ਿੰਦਗੀ ਪ੍ਰਤੀ ਕਿੰਨਾ ਕੁ ਸਤਿਕਾਰ ਦਿਖਾਇਆ ਜਾਂਦਾ ਹੈ ਇਸਦਾ ਪਤਾ ਇਸ ਤੱਥ ਤੋਂ ਲਗ ਜਾਂਦਾ ਹੈ ਕਿ 1977 ਤੋਂ ਹੁਣ ਤਕ ਵੱਖਰੀਆਂ ਵੱਖਰੀਆਂ ਸਰਕਾਰਾਂ ਵਲੋਂ 430 ਵਿਅਕਤੀਆਂ ਨੂੰ ਪੁਲਸ ਨੇ ਅਖੌਤੀ ਮੁਕਾਬਲਿਆਂ ਵਿਚ ਹਲਾਕ ਕਰ ਦਿਤਾ ਹੈ। ਸ਼ਹਿਰੀ ਅਜ਼ਾਦੀਆਂ ਦੇ ਕਾਰਕੁੰਨਾਂ ਦੀਆਂ ਗ੍ਰਿਫਤਾਰੀਆਂ ਤੇ ਉਹਨਾਂ ਨੂੰ ਤਸੀਹੇ ਦੇਣੇ ਇਕ ਸਧਾਰਨ ਗੱਲ ਹੋ ਕੇ ਰਹਿ ਗਈ ਹੈ। 1985 ਦੇ ਪਹਿਲੇ ਪੰਜ ਮਹੀਨਿਆਂ ਵਿਚ ਹੀ ਅਜਿਹੇ 33 ਕਾਰਕੁੰਨਾਂ ਪੁਲਸ ਹਿਰਾਸਤ ਵਿਚ ਜਾਂ ਝੂਠੇ ਪੁਲਸ ਮੁਕਾਬਲਿਆਂ ਵਿਚ ਖ਼ਤਮ ਕਰ ਦਿਤਾ ਗਿਆ ਹੈ। ਹੁਣੇ ਹੁਣੇ ਕਾਰਾਰੇਡੀ ਕਸਬੇ ਵਿਚ ਲੋਕਾਂ ਦੇ ਵਿਰੋਧ ਕਰਨ ਦੇ ਬਾਵਜੂਦ ਇਕ ਸਿਆਸੀ ਕਾਰਕੁੰਨ ਨੂੰ ਪੁਲਸ ਨੇ ਕੁੱਟ ਕੁੱਟ ਕੇ ਲੋਕਾਂ ਸਾਹਮਣੇ ਹੀ ਮਾਰ ਦਿਤਾ। ਗੈਰ-ਕਾਨੂੰਨੀ ਢੰਗ ਨਾਲ ਕਾਰਕੁੰਨਾਂ ਨੂੰ 6-6 ਮਹੀਨੇ ਨਜ਼ਰਬੰਦ ਰਖਣਾ, ਝੂਠੇ ਕੇਸ ਮੜ੍ਹਕੇ,ਪੁਲਸ ਵਲੋਂ ਜ਼ਬਰ-ਜਿਨਾਹ (ਸਮੁੰਦਰਾਲਿੰਗਾਪੁਰਮ ਦੀ ਸਟੱਕਾ ਨਾਲ ਉਹਦੇ ਦੋ ਪੁੱਤਰਾਂ ਸਾਹਮਣੇ ਇਕ ਪੁਲਸ ਸਬ-ਇਨਸਪੈਕਟ ਨੇ ਜਬਰ-ਜਿਨਾਹ ਕੀਤਾ) ਇਹ ਸਭ ਸਰਕਾਰੀ ਦਮਨ ਤੇ ਭੈਅ ਦੇ ਕੁਝ ਕੁ ਰੂਪ ਹਨ। ਖੰਮਮ, ਵਾਰੰਗਲ ਤੇ ਕਰੀਮਨਗਰ ਆਦਿ ਜ਼ਿਲੇ 1969 ਤੋਂ ਹੀ ਗੜਬੜ ਵਾਲੇ ਇਲਾਕੇ ਘੋਸ਼ਿਤ ਕੀਤੇ ਗਏ ਹਨ। ਇਹਨਾਂ ਦੇ 130 ਪਿੰਡਾਂ ਵਿਚ ਪੁਲਸ ਚੌਕੀਆਂ ਕਾਇਮ ਕੀਤੀਆਂ ਗਈਆਂ ਹਨ—ਜਿਨ੍ਹਾਂ ਦਾ ਮਨੋਰਥ ਤਾਂ ਜੁਰਮ ਰੋਕਣਾਂ ਹੈ ਪਰ ਇਹ ਵਰਤੀਆਂ ਜਾਂਦੀਆਂ ਹਨ ਲੋਕਾਂ ਦੇ ਹੱਕੀ ਸੰਘਰਸ਼ਾਂ ਨੂੰ ਕੁਚਲਣ ਲਈ। ਹਰ ਤਰਾਂ ਦੇ ਵਿਰੋਧ ਕਰਨ ਵਾਲਿਆਂ ਦੀ ਮਾਰ-ਪਿਟਾਈ ਹੁੰਦੀ ਹੈ ਤੇ ਉਹਨਾਂ ਦੀ ਜਾਇਦਾਦ ਤਬਾਹ ਕਰ ਦਿਤੀ ਜਾਂਦੀ ਹੈ। ਸਧਾਰਨ ਲੋਕਤੰਤਰ ਸਰਗਰਮੀਆਂ ਨੂੰ ਵੀ ਕੁਚਲ ਦਿਤਾ ਜਾਂਦਾ ਹੈ।ਸ਼ਾਂਤਮਈ ਜਲੂਸਾਂ ਤੇ ਮੀਟਿੰਗਾਂ 'ਤੇ ਸਖਤ ਪਾਬੰਦੀ ਹੈ। ਪ੍ਰਾਈਵੇਟ ਮਾਲਕਾਂ ਉਪਰ ਦਬਾਉ ਪਾਇਆ ਜਾਂਦਾ ਹੈ ਕਿ ਉਹ ਅਜਿਹੇ ਕੰਮਾਂ ਲਈ ਆਪਣੇ ਹਾਲ ਕਮਰੇ ਕਿਰਾਏ ਤੇ ਨਾ ਦੇਣ। ਘੋਸ਼ਿਤ ਕਾਨੂੰਨਾਂ ਤੇ ਨੀਤੀਆਂ ਨੂੰ ਲਾਗੂ ਨਾ ਕਰਨ ਦੇ ਵਿਰੁੱਧ ਇਸ਼ਤਿਹਾਰ ਲਾਉਣ ਵਾਲਿਆਂ ਨੂੰ ਗ੍ਰਿਫਤਾਰ ਕੀਤਾ ਜਾਂਦਾ ਹੈ ਤੇ ਓਹਨਾਂ ਉਤੇ ਕਈ ਤਰ੍ਹਾਂ ਦੇ ਕੇਸ ਮੜ੍ਹ ਦਿਤੇ ਜਾਂਦੇ ਹਨ। ਛਾਪਾਖਾਨਿਆਂ ਨੂੰ ਸਖਤ ਹਿਦਾਇਤ ਹੈ ਕਿ ਉਹ ਅਜਿਹੇ ਇਸ਼ਤਿਹਾਰ ਤੇ ਪੈਂਫਲਿਟ ਨਾ ਛਾਪਣ। ਯੂਨੀਵਰਸਿਟੀਆਂ ਕਾਲਜਾਂ ਵਿਚ ਪੁਲਸ ਤਾਇਨਾਤ ਰਹਿੰਦੀ ਹੈ ਤੇ ਉਹਨਾ ਦੀਆਂ ਮੀਟਿੰਗਾਂ ਉਤੇ ਰੋਕ ਲਾਈ ਜਾਂਦੀ ਹੈ।

ਡਰ ਅਤੇ ਤਸ਼ੱਦਦ ਦੇ ਇਸ ਵਾਤਾਵਰਨ ਵਿਚ ਵਕੀਲਾਂ, ਪੱਤਰਕਾਰਾਂ, ਅਧਿਆਪਕਾਂ ਤੇ ਹੋਰ ਬੁੱਧੀਜੀਵੀਆਂ ਨੇ ਇਸਦੇ ਖਿਲਾਫ ਆਵਾਜ਼ ਉਠਾਈ। ਇਹਨਾਂ ਵਿਚੋਂ ਬਹੁਤ ਸਾਰੇ A.P.C.L.C. ਦੇ ਮੈਂਬਰ ਬਣ ਗਏ। 1973 ਵਿਚ ਸਥਾਪਤ ਇਸ ਜਥੇਬੰਦੀ ਦੇ ਪ੍ਰਧਾਨ ਹੈਦਰਾਬਾਦ ਦੇ ਇਕ ਵਕੀਲ ਕਾਨਾਬੀਰਨ ਹਨ ਜੋ P.U.C.L. ਦੇ ਵੀ ਰਾਸ਼ਟਰੀ ਜਥੇਬੰਦਕ ਸਕੱਤਰ ਹਨ। ਡਾਕਟਰ ਰਾਮਾਨਾਥਮ ਇਸ ਜੱਥੇਬੰਦੀ ਦੇ ਉਪ-ਪ੍ਰਧਾਨ ਸਨ।

AP C.L.C. ਦੇਸ਼ ਭਰ ਵਿਚ ਸ਼ਹਿਰੀ ਅਜ਼ਾਦੀਆਂ ਲਈ ਸੰਘਰਸ਼ ਕਰ ਰਹੀਆਂ ਜੱਥੇਬੰਦੀਆਂ ਵਿਚੋਂ ਬਹੁਤ ਸਰਗਰਮ ਜੱਥੇਬੰਦੀ ਹੈ। ਇਸ ਜੱਥੇਬੰਦੀ ਨੇ ਪਿਛਲੇ ਦੋ ਸਾਲਾਂ ਵਿਚ ਇਸ ਜਥੇਬੰਦੀ ਨੇ ਵਿਜਵਾੜਾ ਦੀ ਕਥਿਤ ਵੇਸਵਾ ਦੀ ਪੁਲਸ ਹਿਰਾਸਤ ਵਿਚ ਹੋਈ ਮੌਤ ਤੋਂ ਲੈ ਕੇ ਗੁਦਾਵਰੀ ਘਾਟੀ ਦੇ ਆਦੀ ਵਾਸੀਆਂ ਨਾਲ ਕੀਤੀਆਂ ਵਧੀਕੀਆਂ ਤਕ, ਨਾਨ-ਗਜ਼ਟਿਡ ਅਫਸਰਾਂ ਦੀਆਂ ਹੱਕੀ ਮੰਗਾਂ ਤੋਂ ਲੈ ਕੇ ਰਾਮਾਰਾਓ ਸਰਕਾਰ ਦੀ ਗੈਰ-ਸੰਵਿਧਾਨਕ ਬਰਤਰਫੀ ਤਕ, ਹੈਦਰਾਬਾਦ ਦੀ ਰਾਮੀਜ਼ਾਬੀ ਨਾਲ ਨਾਲ ਬਲਾਤਕਾਰੀ ਤੋਂ ਲੈ ਕੇ ਤੇਲੰਗਾਨਾ ਦੇ ਸਿਆਸੀ ਕਾਰਕੁੰਨਾਂ ਉਪਰ ਤਸ਼ੱਦਦ ਤੇ ਉਹਨਾਂ ਦੇ ਕਤਲਾਂ ਤਕ ਦੇ ਕੇਸ ਲਏ ਹਨ ਤੇ ਇਹਨਾਂ ਨੂੰ ਇਨਸਾਫ ਦਵਾਉਣ ਲਈ ਸੰਘਰਸ਼ ਕੀਤਾ ਹੈ। ਇਸ ਸਾਰੇ ਸਿਲਸਿਲੇ ਵਿਚ A.P.C.L C. ਨੇ ਸਰਕਾਰ ਦੀ ਨਾਰਾਜ਼ਗੀ ਸਹੇੜੀ ਹੈ। ਸਿੱਟੇ ਵਜੋਂ, ਇਸਦੇ ਮੈਂਬਰਾਂ ਨੂੰ ਨਜਾਇਜ਼ ਤੰਗ ਕੀਤਾ ਜਾਂਦਾ ਰਿਹਾ ਹੈ। ਪਰ ਅਜ ਕਲ ਤਾਂ ਇਹਨਾਂ ਉਪਰ ਹੋ ਰਹੇ ਮਾਰੂ ਹਮਲੇ ਜਮਹੂਰੀ ਲਹਿਰ ਲਈ ਵੱਡੀ ਚਿੰਤਾ ਦਾ ਵਿਸ਼ਾ ਹਨ। ਇਸ ਤੋਂ ਪਹਿਲਾਂ ਸਰਕਾਰ ਨੇ ਇਸ ਜਥੇਬੰਦੀ ਵਿਰੁੱਧ ਇਕ ਯੋਜਨਾਬੱਧ ਭੰਡੀ-ਪ੍ਰਚਾਰ ਦੀ ਮੁਹਿੰਮ ਚਲਾਈ ਸੀ ਕਿ ਇਹ ਜਥੇਬੰਦੀ ਰਾਸ਼ਟਰ ਵਿਰੋਧੀ ਹੈ, ਨਕਸਲਾਈਟਾਂ ਤੇ ਅਤਿਵਾਦੀਆਂ ਦੀ ਜਥੇਬੰਦੀ ਹੈ। ਆਂਧਰਾ ਸਰਕਾਰ ਨੇ ਪਿਛਲੇ ਦੋ ਸਾਲਾਂ ਤੋਂ ਵਾਰੰਗਲ, ਕਰੀਮਨਗਰ ਤੇ ਨਜ਼ੀਮਾਬਾਦ ਵਿਚ ਇਸ ਸੰਸਥਾ ਉਤੇ ਮੀਟਿੰਗ ਕਰਨ ਤੇ ਪਾਬੰਦੀ ਲਾਈ ਹੋਈ ਹੈ। ਜਥੇਬੰਦੀ ਦੀ ਕਾਰਜਕਰਨੀ ਕਮੇਟੀ ਦੇ ਦੋ ਤਿਹਾਈ ਮੈਂਬਰ ਉਤੇ ਰਾਜ ਭਰ ਵਿਚ ਝੂਠੇ ਮੁਕੱਦਮੇ ਚਲ ਰਹੇ ਹਨ। ਇਸਤੋਂ ਵੀ ਗੰਭੀਰ ਗੱਲ ਇਹ ਕਿ ਇਸ ਸਾਲ ਜਨਵਰੀ ਤਾਂ ਇਹਦੇ ਮੈਂਬਰਾਂ ਤੇ ਸਿੱਧੇ ਮਾਰੂ ਹਮਲੇ ਕੀਤੇ ਜਾ ਰਹੇ ਹਨ।

ਗੋਪੀ ਰੱਮਨਾ ਜੋ ਪੇਸ਼ੇ ਵਜੋਂ ਵਕੀਲ ਹਨ ਤੇ A.P.C.L.C. ਦੇ ਜਾਗੀਤਿਆਲ ਯੂਨਿਟ ਦੇ ਪ੍ਰਧਾਨ ਸਨ, ਨੂੰ 12 ਜਨਵਰੀ 8 ਨੂੰ ਉਸ ਦੇ ਘਰ ਦੇ ਬੂਹੇ ਅਗੇ ਹੀ ਕਤਲ ਕਰ ਦਿਤਾ ਗਿਆ। ਜਦ ਉਹਨਾਂ ਦੀ ਪਤਨੀ ਨੇ ਦਖਲ ਦੇਣ ਦੀ ਕੋਸ਼ਿਸ਼ ਕੀਤੀ ਤਾਂ ਉਹਨੂੰ ਬੁਰੀ ਤਰ੍ਹਾਂ ਕੁਟਿਆ ਮਾਰਿਆ ਗਿਆ। ਬਾਅਦ 'ਚ A.P.C.L.C. ਨੇ ਕਾਤਲਾਂ ਦੀ ਪਛਾਣ ਕੀਤੀ ਤੇ ਉਹਨਾਂ ਦੀ ਲਿਸਟ ਐਸ ਪੀ ਨੂੰ ਦਿਤੀ—ਇਹ ਕਾਤਲ ਆਰ. ਐਸ. ਐਸ ਤੇ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਨਾਲ ਸਬੰਧਤ ਸਨ। ਇਸ ਘਟਨਾ ਤੋਂ 9 ਮਹੀਨੇ ਬਾਅਦ ਅੱਜ ਤੱਕ ਇਸ ਸਬੰਧੀ ਕੋਈ ਐਕਸ਼ਨ ਨਹੀਂ ਲਿਆ ਗਿਆ। ਗੋਪੀ ਰਮਨਾ ਦਾ ਗੁਨਾਹ ਸਿਰਫ ਏਨਾ ਸੀ ਕਿ ਉਸਨੇ ਵੱਡੇ ਜ਼ਿਮੀਦਾਰਾਂ, ਪੁਲਸ ਅਤੇ ਲੋਕਲ ਪ੍ਰਸ਼ਾਸਨ ਅਧਿਕਾਰੀਆ ਦੀ ਆਪਸੀ ਸਾਂਢ ਗਾਂਢ ਨੂੰ ਨੰਗਿਆ ਕੀਤਾ ਸੀ। ਬਹੁਤ ਸਾਰੇ ਜ਼ਿਮੀਦਾਰ ਤੇ ਸ਼ਰਾਬ ਦੇ ਠੇਕਦਾਰ ਭਾਰਤੀ ਜਨਤਾ ਪਾਰਟੀ ਦੇ ਸਮਰਥਕ ਹਨ ਜੋ A.P.L.C. ਨੂੰ ਆਪਣੀ ਸਮਾਜਕ ਤੇ ਆਰਥਕ ਸ਼ਕਤੀ (ਪੁਜ਼ੀਸ਼ਨ) ਲਈ ਖਤਰਾ ਸਮਝਦੀ ਹੈ। ਇਸ ਕਤਲ ਤੋਂ ਇਕ ਹਫਤਾ ਬਾਅਦ 18 ਜਨਵਰੀ ਨੂੰ ਹਥਿਆਰਬੰਦ ਪੁਲਸ ਨੇ ਤੇਲਗੂ ਰਸਾਲੇ

'ਸਰੁਜਨਾ' ਦੇ ਸੰਪਾਦਕ ਤੇ ਨਾਮਾਵਰ ਕਵੀ ਵਾਰਵਰਾ ਰਾਓ ਨੂੰ ਗ੍ਰਿਫਤਾਰ ਕਰ ਲਿਆ। ਰਾਓ ਨੇ ਸਿਰਫ ਲੁੰਗੀ ਪਹਿਨੀ ਹੋਈ ਸੀ ਤੇ ਇਸੇ ਹਾਲਤ ਵਿਚ ਉਸਨੂੰ ਵਾਰੰਗਲ ਥਾਣੇ ਪੈਦਲ ਲੈ ਜਾਇਆ ਗਿਆ। ਬਾਅਦ ਵਿਚ ਡਾ. ਰਾਮਾਨਾਥਮ ਤੇ ਸੀਥਾਰਾਓ, ਵਾਰਾਵਰ ਰਾਓ ਦੀ ਜਾਨ ਬਾਰੇ ਚਿੰਤਤ ਹੋ ਕੇ ਐਸ. ਪੀ ਨੂੰ ਮਿਲੇ। ਉਥੇ ਉਹਨਾਂ ਦੋਵਾਂ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ। ਬਾਅਦ 'ਚ ਇਕ ਪ੍ਰੈਸ ਕਾਨਫਰੰਸ ਵਿਚ ਸਾਢੇ ਚਾਰ ਵਜੇ ਐਸ. ਪੀ. ਨੇ ਦਸਿਆ ਕਿ ਇਹਨਾਂ ਤਿੰਨਾਂ ਵਿਅਕਤੀਆਂ ਨੂੰ ਸਿਰਫ ਇਹਤਿਆਤੀ ਤੌਰ ਤੇ ਗ੍ਰਿਫਤਾਰ ਕੀਤਾ ਗਿਆ ਸੀ। ਪਰੰਤੂ FIR ਮੁਤਾਬਕ ਉਹਨਾਂ ਨੂੰ Explosive Act ਦੀ ਧਾਰਾ 4-5 ਹੇਠ ਗ੍ਰਿਫਤਾਰ ਕੀਤਾ ਗਿਆ ਦਿਖਾਇਆ ਸੀ। (ਵੱਡੇ ਪੁਲਸ ਅਫਸਰਾਂ ਨੂੰ ਅਜਿਹਾ ਝੂਠ ਬੋਲਣ ਦਾ ਸ਼ਾਇਦ ਪੂਰਾ ਅਧਿਕਾਰ ਹੈ) ਇਸ FIR ਮੁਤਾਬਿਕ ਵਾਰਵਰਾ ਰਾਓ ਦੇ ਘਰੋਂ ਦੋ ਦੇਸੀ ਪਸਤੌਲ ਮਿਲੇ ਤੇ ਪਹਿਲੀ ਰਾਤ ਇਹ ਤਿੰਨੇ ਵਿਅਕਤੀ ਉਸ ਘਰ ਵਿਚ ਹਾਜ਼ਰ ਸਨ ਜਿਥੇ ਇਕ ਸਰਕਲ ਇਨਸਪੈਕਟਰ ਨੂੰ ਕਤਲ ਕਰਨ ਲਈ ਇਨਕਲਾਬੀ ਵਿਦਿਆਰਥੀਆਂ ਨੂੰ ਬੰਬ ਦਿਤੇ ਗਏ ਸਨ। ਇਹਨਾਂ ਤਿੰਨਾ ਵਿਅਕਤੀਆ ਉਪਰ ਇਸਤੋਂ ਬਿਨਾ ਕੁਝ ਹੋਰ ਗੰਭੀਰ ਦੋਸ਼ ਵੀ ਲਾਏ ਗਏ ਸਨ।

ਇਸ ਘਟਨਾ ਤੋਂ ਪੰਜ ਦਿਨ ਬਾਅਦ ਕਕਾਟੀਆ ਯੂਨੀਵਰਸਿਟੀ ਦੇ ਹਿਸਾਬ ਦੇ ਲੈਕਚਰ ਰ ਤੇ A.P.C.L.C ਦੇ ਜਨਰਲ ਸਕੱਤਰ ਕੇ. ਬਾਲਾਗੋਪਾਲ, ਹੈਦਰਾਬਾਦ ਤੋਂ ਪਰਤੇ ਹੀ ਸਨ। 24 ਜਨਵਰੀ ਦੀ ਸਵੇਰ 3-30 ਵਜੇ ਉਹਨਾਂ ਉਤੇ ਵੀ ਉਹੀ ਦੋਸ਼ ਲਾਏ ਗਏ ਜੋ 18 ਜਨਵਰੀ ਨੂੰ ਹੋਰਾਂ ਤੇ ਲਾਏ ਗਏ ਸਨ। ਇਹਨਾਂ ਕੇਸਾਂ ਤੋਂ ਬਿਨਾਂ ਕਈ ਦੂਸਰੇ ਝੂਠੇ ਕੇਸ ਵੀ ਮੜ੍ਹੇ ਗਏ। APCLC ਦੀ ਨੇ ਇਕ ਦਮ ਬਾਲਾਗੋਪਾਲ ਨੂੰ ਕੋਰਟ ਦੀ ਸਹਾਇਤਾ ਨਾਲ ਮੈਜਿਸਟਰੇਟ ਦੇ ਪੇਸ਼ ਕਰਵਾਇਆ—ਇਸ ਤਰ੍ਹਾਂ ਉਹ ਪੁਲਸੀ ਤਸ਼ੱਦਦ ਤੋਂ ਬਚ ਸਕੇ।

—12 ਅਪਰੈਲ ਨੂੰ ਮਲੋਗਰਜੁਨਾ ਰਾਓ ਜੋ ਪੇਸ਼ੇ ਵਜੋਂ ਵਕੀਲ ਤੇ APCLC ਦੀ ਕਰੀਮਨਗਰ ਇਕਾਈ ਦੇ ਸਹਿ-ਸਕੱਤਰ ਹਨ, ਨੂੰ ਗ੍ਰਿਫਤਾਰ ਕਰਕੇ ਉਸਨੂੰ 'ਰੋਲਰ' ਨਾਲ ਤਸੀਹੇ ਦਿਤੇ ਗਏ। ਇਸ ਤੋਂ ਇਕ ਹਫਤਾ ਬਾਅਦ ਦਿੱਲੀ ਯੂਨੀਵਰਸਿਟੀ ਦੇ ਪ੍ਰੋ. ਮਾਜੇਰੰਜਨ-ਮੋਹੰਤੀ ਅਤੇ ਪ੍ਰੋ. ਬਾਲਾਗੋਪਾਲ ਨੂੰ ਉਸ ਵੇਲੇ ਗਰਿਫਤਾਰ ਕਰ ਲਿਆ ਗਿਆ ਜਦੋਂ ਕਿ ਉਹ 1983 ਵਿਚ ਹੋਈ ਪੁਲਸ ਫਾਇਰਿੰਗ ਵਿਚ ਸ਼ਹੀਦ ਵਿਦਿਆਰਥੀਆਂ ਦੀ ਯਾਦ 'ਚ ਹੋਈ ਇੱਕਤਰਤਾ ਵਿਚ ਸ਼ਾਮਲ ਹੋਣ ਜਾ ਰਹੇ ਸਨ। ਉਹਨਾ ਉਤੇ ਬਹੁਤ ਸਾਰੇ ਝੂਠੇ ਕੇਸ ਪਾ ਦਿਤੇ ਗਏ। ਬਾਅਦ ਵਿਚ ਇਹਨਾਂ ਗ੍ਰਿਫਤਾਰੀਆਂ ਦੇ ਖਿਲਾਫ ਰਾਸ਼ਟਰੀ ਪੱਧਰ ਦੀ ਮੁਹਿੰਮ ਚਲੀ। ਬੁਧੀ-ਜੀਵੀਆਂ ਤੇ ਸ਼ਹਿਰੀ ਅਜ਼ਾਦੀਆਂ ਦੇ ਕਾਰਕੁੰਨਾਂ ਨੇ ਮੁੱਖ-ਮੰਤਰੀ ਨੂੰ ਚਿੱਠੀਆਂ, ਤਾਰਾਂ ਭੇਜੀਆਂ। ਦਿੱਲੀ ਵਿਚ PUCL. ਦੇ ਸਮਾਗਮ ਵਿਚ ਸ਼ਾਮਲ ਮੁੱਖ ਮੰਤਰੀ ਹੈਗੜੇ ਦੀ ਸਹਾਇਤਾ ਲਈ ਗਈ—ਫੇਰ ਕਿਤੇ ਜਾ ਕੇ ਮੁੱਖ ਮੰਤਰੀ ਰਾਮਾ ਰਾਓ ਨੇ ਇਹ ਕੇਸ ਵਾਪਸ ਲਏ।

—ਮਈ ਦੇ ਆਖੀਰ ਵਿਚ ਐਸ. ਬੋਸ ਜੋ ਇਕ ਵਕੀਲ ਹਨ, ਡਾਕਟਰ ਕੇ. ਨਾਰਾਇਣ ਰਾਓ ਜੋ ਗੁਦਾਵਰੀ ਯੂਨਿਟ ਦੇ ਪ੍ਰਧਾਨ ਹਨ, ਡਾ. ਵੈਂਕਟੇਸ਼ਵਰ ਰਾਓ ਜੋ ਰਾਜਾਮੁੰਡਰੀ ਵਿਚ ਕਾਲਜ ਲੈਕਚਰਾਰ ਹਨ ਤੇ OPDR ਦੇ ਮੈਂਬਰ ਹਨ—ਇਹਨਾਂ ਸਾਰਿਆਂ ਨੂੰ ਨਜਾਇਜ਼ ਤੌਰ ਤੇ ਹਿਰਾਸਤ 'ਚ ਰਖਿਆ ਗਿਆ। ਅਤੇ ਇਹਨਾਂ ਦੇ ਦੇਸ਼ ਧਰੋਹੀ ਅਤੇ ਸਰਕਾਰ ਨੂੰ ਉਲਟਾਉਣ ਵਰਗੇ ਦੋਸ਼ ਲਾਏ ਗਏ।

—28 ਮਈ ਨੂੰ ਏ. ਸੁਬਰਾਮਨੀਅਮ ਜੋ ਗੰਟੂਰ ਵਿਖੇ ਕਾਨੂੰਨ ਦੇ ਲੈਕਚਰਾਰ ਹਨ ਤੇ APCLC ਦੀ ਗੰਟੂਰ ਸ਼ਾਖਾ ਦੇ ਉਪ-ਪ੍ਰਧਾਨ ਹਨ ਅਤੇ ਏ.ਪੀ. ਗੁਰੂਨਾਥਮ ਜੋ ਇਕ ਵਕੀਲ ਹਨ, ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ ਇਹਨਾਂ ਉਤੇ ਵੀ ਦੇਸ਼-ਧਰੋਹੀ ਦਾ ਦੋਸ਼ ਲਾਇਆ ਗਿਆ। ਅਸਲ ਵਿਚ ਉਪਰੋਕਤ ਵਿਅਕਤੀਆਂ ਨੇ ਰਾਜਾਮੁੰਡਰੀ ਵਿਖੇ ਜ਼ਿਲਾ ਮੈਜਿਸਟਰੇਟ ਦੇ ਦਫਤਰ ਸਾਹਮਣੇ ਬੋਸ ਦੀ ਗ੍ਰਿਫਤਾਰੀ ਵਿਰੁੱਧ ਰੋਸ ਪ੍ਰਗਟ ਕੀਤਾ ਸੀ।

2 ਜੂਨ ਨੂੰ ਕਰੀਮ ਨਗਰ ਦੇ ਇਕ ਹੋਰ ਵਕੀਲ ਪੀ. ਪਾਪਾਰਾਓ ਨੂੰ ਧਮਕੀ ਦਿਤੀ ਗਈ ਕਿ ਜੇ ਉਹਨਾਂ ਨੇ ਸ਼ਹਿਰੀ ਅਜ਼ਾਦੀਆਂ ਬਾਰੇ ਆਪਣੀਆਂ ਸਰਗਰਮੀਆ ਬੰਦ ਨਾ ਕੀਤੀਆਂ ਉਹਦੀ ਜਾਇਦਾਦ ਤਬਾਹ ਕਰ ਦਿਤੀ ਜਾਵੇਗੀ।

ਜ਼ੁਲਮ ਤੇ ਤਸ਼ੱਦਦ ਦੀ ਇਸ ਅਟੁੱਟ ਲੜੀ ਵਿਚ ਸਭ ਤੋਂ ਉਪਰ ਹੈ ਵਾਰੰਗਲ ਪੁਲਸ ਵਲੋਂ ਡਾਕਟਰ ਰਾਮਾਨਾਥਮ ਦਾ ਵਹਿਸ਼ੀਆਨਾ ਕਤਲ। ਪੁਲਸ ਦਾ ਅਪਣੇ ਪੱਖ ਵਿਚ ਕਹਿਣਾ ਹੈ ਕਿ APCLC ਉਹਨਾ ਜਾਣੇ-ਪਛਾਣੇ ਨਕਸਲਾਈਟਾਂ ਦਾ ਪਖ ਪੂਰਦੀ ਹੈ। ਜਿਨ੍ਹਾਂ ਨੇ ਹੋਰਾਂ ਨੂੰ ਕਤਲ ਕੀਤਾ ਹੈ। ਕੇ. ਜੀ. ਕਾਨਾਬਿਰਨ ਨੇ 5 ਸਤੰਬਰ ਨੂੰ ਦਿੱਲੀ ਦੀ ਇਕ ਪਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਕਿਹਾ ਸੀ,—"ਇਹ ਗਿਣੀ ਮਿੱਥੀ ਸਾਜ਼ਸ਼ ਹੈ ਕਿ ਸ਼ਹਿਰੀ ਅਜ਼ਾਦੀਆ ਲਈ ਕੀਤੇ ਜਾ ਰਹੇ ਸੰਘਰਸ਼ ਅਤੇ ਅਤਿਵਾਦੀ ਸਿਆਸੀ ਕਾਰਵਾਈਆਂ ਵਿਚਲੇ ਫਰਕ ਨੂੰ ਮਿਟਾਇਆ ਜਾ ਰਿਹਾ ਹੈ। ਉਹਨਾਂ ਇਹ ਵੀ ਕਿਹਾ ਕਿ ਸ਼ਹਿਰੀ ਅਜ਼ਾਦੀਆਂ ਸਬੰਧੀ ਜੱਥੇਬੰਦੀਆਂ ਦੇ ਖਿਲਾਫ ਇਕ 'ਭੈਅ' ਤੇ 'ਹਿਸਟੀਰੀਆ' ਪੈਦਾ ਕੀਤਾ ਜਾ ਰਿਹਾ ਹੈ ਕਿਉਂਕਿ ਉਹ ਰਾਜ ਕਰ ਰਹੀਆ ਸ਼ਕਤੀਆਂ ਦੇ ਕੁਕਰਮਾਂ ਨੂੰ ਨੰਗਿਆ ਕਰਦੀਆਂ ਹਨ ਤੇ ਸੰਵਿਧਾਨਕ ਤੇ ਕਾਨੂੰਨੀ ਨੀਤੀਆਂ ਨੂੰ ਲਾਗੂ ਕਰਾਉਣਾ ਚਾਹੁੰਦੀਆਂ ਹਨ। ਪਰ ਅਜੇਹਾ ਨੇਕ ਕੰਮ ਕਰਕੇ ਅਸੀਂ ਸਾਰੇ ਇਕ ਵੱਡਾ ਖਤਰਾ ਸਹੇੜ ਰਹੇ ਹਾਂ। ਸਾਨੂੰ ਕੁੱਟਿਆ ਮਾਰਿਆ ਤੇ ਹੁਣ ਤਾਂ ਕਤਲ ਵੀ ਕੀਤਾ ਜਾਣ ਲਗ ਪਿਆ ਹੈ। ਤੇ ਇਹ ਗੱਲ ਯਕੀਨੀ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਸਰਕਾਰ ਦੀਆਂ ਗੈਰ-ਕਾਨੂੰਨੀ ਤੇ ਗਲਤ ਕਾਰਵਾਈਆਂ ਨੂੰ ਕੋਈ ਵਿਅਕਤੀ ਚੈਲੰਜ ਨਾ ਕਰੇ। ਉਹਨਾਂ ਇਹ ਵੀ ਕਿਹਾ ਕਿ ਡਾਕਟਰ ਰਾਮਾਨਾਥਮ ਦੇ ਕਤਲ ਨਾਲ ਆਂਧਰਾ ਪ੍ਰਦੇਸ਼ ਵਿਚ ਲੋਕ-ਤੰਤਰ ਦਾ ਕਤਲ ਹੋ ਗਿਆ ਹੈ।

—ਕੇ. ਜੀ. ਕਾਨਾਬਿਰਨ ਦੀ ਜਾਨ ਨੂੰ ਖੁਦ ਵੀ ਇਕ ਵੱਡਾ ਖਤਰਾ ਹੈ। ਰਾਮਾਨਾਥਮ ਦੇ ਕਤਲ ਵਾਲੇ ਦਿਨ ਸਾਰੇ ਵਾਰੰਗਲ ਵਿਚ ਇਸ਼ਤਿਹਾਰ ਲਗੇ ਹੋਏ ਸਨ

( ਬਾਕੀ 25 )

# ਵੈਨਕੂਵਰ ਸੱਥ ਵੱਲੋਂ ਸੱਭਿਆਚਾਰਕ ਪ੍ਰੋਗਰਾਮ

( ਵੈਨਕੂਵਰ ਸੱਥ )

3 ਨਵੰਬਰ 1985 ਨੂੰ ਵੈਨਕੂਵਰ ਸੱਥ ਵੱਲੋਂ ਵੈਨਕੂਵਰ ਟੈਕਨੀਕਲ ਸਕੂਲ ਵਿਖੇ ਇਕ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਸ ਪ੍ਰੋਗਰਾਮ ਵਿਚ ਦੋ ਨਾਟਕ, ਭੰਗੜਾ ਅਤੇ ਗੀਤ ਸੰਗੀਤ ਪੇਸ਼ ਕੀਤਾ ਗਿਆ। ਪ੍ਰੋਗਰਾਮ ਦੇ ਆਰੰਭ ਵਿਚ ਤਿੰਨ ਗੀਤ ਪੇਸ਼ ਕੀਤੇ ਗਏ। ਇਹ ਗੀਤ ਸਨ "ਤੇਜ਼ ਕਰ ਜ਼ਰਾ ਸੰਗਰਾਮ ਹਾਣੀਆਂ" "ਕੁੱਝ ਕਿਹਾ ਤਾਂ ਹਨ੍ਹੇਰਾ ਜਰ੍ਹੇਗਾ ਕਿਵੇਂ ਚੁੱਪ ਰਿਹਾ ਤਾਂ ਸ਼ਮਾਦਾਨ ਕੀ ਕਹਿਣਗੇ" ਅਤੇ ਜਰਨੈਲ ਲੇਹਲ ਦਾ ਆਪਣਾ ਲਿਖਿਆ ਗੀਤ । ਇਨ੍ਹਾਂ ਗੀਤਾਂ ਨੂੰ ਪੇਸ਼ ਕੀਤਾ ਵੈਨਕੂਵਰ ਸੱਥ ਦੇ ਮੈਂਬਰਾਂ ਸਰਦਾਰਾ ਬੋਲ, ਜਰਨੈਲ ਲੇਹਲ, ਹਰਜਿੰਦਰ ਕੈਂਥ, ਅਮਨਪਾਲ ਸਾਰਾ ਨੇ।

ਇਸ ਤੋਂ ਬਾਅਦ ਜਗਦੀਸ਼ ਬਿਨਿੰਗ ਹੁਰਾਂ ਵੈਨਕੂਵਰ ਸੱਥ ਬਾਰੇ ਕੁੱਝ ਵਿਚਾਰ ਲੋਕਾਂ ਨਾਲ ਸਾਂਝੇ ਕੀਤੇ। ਉਨ੍ਹਾਂ ਦੱਸਿਆ ਕਿ ਵੈਨਕੂਵਰ ਸੱਥ ਉਨ੍ਹਾਂ ਲੇਖਕਾਂ ਅਤੇ ਕਲਾਕਾਰਾਂ ਦੀ ਸੰਸਥਾ ਹੈ ਜੋ ਇਹ ਸਮਝਦੇ ਹਨ ਕਿ ਸਾਹਿਤ ਅਤੇ ਸਿਆਸਤ ਵਿਚਕਾਰ ਇਕ ਡੂੰਘਾ ਰਿਸ਼ਤਾ ਹੈ। ਸੱਥ ਦਾ ਮੁੱਖ ਆਸ਼ਾ ਹੈ ਕਨੇਡਾ ਵਿਚ ਰਹਿ ਰਹੇ ਭਾਰਤੀ ਲੋਕਾਂ ਦੀ ਜ਼ਿੰਦਗੀ ਬਾਰੇ ਅਤੇ ਉਨ੍ਹਾਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਬਾਰੇ ਲੇਖ ਅਤੇ ਨਾਟਕ ਲਿਖਣਾ ਅਤੇ ਖੇਡਣਾ। ਇਸ ਸਭ ਕੁਝ ਕਰਨ ਪਿਛੇ ਵੈਨਕੂਵਰ ਸੱਥ ਦਾ ਸਿਰਫ ਇਕ ਹੀ ਆਸ਼ਾ ਹੈ ਕਿ ਕਮਿਊਨਿਟੀ ਵਿਚ ਇਨਾਂ ਮਸਲਿਆਂ ਬਾਰੇ ਗਲਬਾਤ ਛੇੜੀ ਜਾ ਸਕੇ। ਕਿਉਂਕਿ ਜੇ ਅਸੀਂ ਕਿਸੇ ਸਮੱਸਿਆ ਉਪਰ ਗੰਭੀਰਤਾ ਨਾਲ ਗਲਬਾਤ ਕਰਾਂਗੇ ਤਾਂ ਹੀ ਅਸੀਂ ਉਸ ਦਾ ਕੋਈ ਹੱਲ ਲੱਭ ਸਕਾਂਗੇ। ਹੁਣ ਤੱਕ ਅਸੀਂ ਕਮਿਊਨਿਟੀ ਵਿਚ ਵੀਡੀਓ ਦੀ ਵੱਧ ਵਰਤੋਂ ਦੇ ਅਸਰ, ਕਨੇਡਾ ਵਿਚ ਪੰਜਾਬੀ ਲੋਕਾਂ ਨੂੰ ਮਿਲਦੇਹੇ ਕੰਮਾਂ, ਖੇਤ ਮਜ਼ਦੂਰਾਂ ਦੀਆਂ ਸਮੱਸਿਆਵਾਂ ਆਦਿ ਉਪਰ ਲੇਖ ਅਤੇ ਨਾਟਕ ਲਿਖ ਅਤੇ ਖੇਡ ਚੁੱਕੇ ਹਾਂ। ਅਸੀਂ ਨੇੜ ਭਵਿਖ ਵਿਚ ਏਥੇ ਬਜ਼ੁਰਗਾਂ ਦੀ ਜ਼ਿੰਦਗੀ ਸਕੂਲਾਂ ਵਿਚ ਸਾਡੇ ਬੱਚਿਆਂ ਨੂੰ ਆਉਂਦੀਆਂ ਮੁਸ਼ਕਲਾਂ ਬਾਰੇ ਡਰਾਮੇ ਲਿਖਾਂਗੇ ਅਤੇ ਖੇਡਾਂਗੇ। ਉਨ੍ਹਾਂ ਕਿਹਾ ਕਿ ਸਾਥੋਂ ਬਿਨਾਂ ਵੀ ਹੋਰ ਲੋਕ ਵੱਖ ਵੱਖ ਤੌਰ ਤੇ ਵੱਖ ਵੱਖ ਪੱਖਾਂ ਉਪਰ ਕੰਮ ਕਰ ਰਹੇ ਹਨ ਅਸੀਂ ਉਨ੍ਹਾਂ ਦੇ ਇਸ ਕੰਮ ਦੀ ਕਦਰ ਕਰਦੇ ਹਾਂ ਕਿਉਂਕਿ ਇਸ ਸਮੇਂ ਸਾਡੀ ਕਮਿਊਨਿਟੀ ਨੂੰ ਏਨੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿ ਉਨ੍ਹਾਂ ਨੂੰ ਨਜਿੱਠਣ ਦਾ ਕੰਮ ਕੋਈ ਵੀ ਇਕੱਲੀ ਸੰਸਥਾ ਜਾਂ ਵਿਅਕਤੀ ਨਹੀਂ ਕਰ ਸਕਦੇ।

ਇਸ ਤੋਂ ਬਾਅਦ ਉਸ ਸ਼ਾਮ ਦਾ ਪਹਿਲਾ ਨਾਟਕ 'ਸਿਉਂਕ' ਪੇਸ਼ ਕੀਤਾ ਗਿਆ। ਇਹ ਨਾਟਕ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੇ ਸੰਚਾਲਕ ਗੁਰਸ਼ਰਨ ਸਿੰਘ ਹੁਰਾਂ ਦਾ ਲਿਖਿਆ ਹੋਇਆ ਹੈ। ਇਸ ਵਿਚ ਉਨ੍ਹਾਂ ਹਿੰਦੁਸਤਾਨੀ ਭ੍ਰਿਸ਼ਟਾਚਾਰੀ ਢਾਂਚੇ ਵਿਚ ਬੇਰੁਜ਼ਗਾਰੀ ਦੀ ਸਮੱਸਿਆ ਦਾ ਬੜੀ ਖੂਬੀ ਨਾਲ ਅਤੇ ਵਿਅੰਗਾਤਮਕ ਢੰਗ ਨਾਲ ਚਿਤਰਣ ਕੀਤਾ ਹੈ। ਇਸ ਨਾਟਕ ਨੂੰ ਪੇਸ਼ ਕਰਨ ਵਾਲੇ ਸਨ ਮੱਖਣ ਟੁੱਟ, ਪਾਲ ਬਿਨਿੰਗ, ਸਰਦਾਰ ਬੋਲ, ਜਰਨੈਲ ਲੇਹਲ ਅਤੇ ਅਮਨਪਾਲ ਸਾਰਾ।

'ਸਿਉਂਕ' ਤੋਂ ਬਾਅਦ ਬਲਵਿੰਦਰ ਰੋਡੇ ਹੁਰਾਂ ਸੰਤ ਰਾਮ ਉਦਾਸੀ ਦਾ ਲਿਖਿਆ ਗੀਤ, "ਅਸੀਂ ਤੋੜੀਆਂ ਗੁਲਾਮੀ ਦੀਆਂ ਕੜੀਆਂ ...." ਪੇਸ਼ ਕੀਤਾ ਉਨ੍ਹਾਂ ਦਾ ਸਾਥ ਦਿਤਾ ਢੋਲਕ ਤੇ ਪਿਆਰੇ ਲਾਲ ਢੋਲੀ ਹੁਰਾਂ ਅਤੇ ਬੈਂਜੋ ਤੇ ਪਾਲ ਬਿਨਿੰਗ ਨੇ। ਇਸ ਤੋਂ ਬਾਅਦ ਜਗਮੋਹਣ ਜੋਸ਼ੀ ਹੁਰਾਂ ਦੇ ਲਿਖੇ ਗੀਤ "ਹਮ ਜੰਗੇ ਅਵਾਮੀ ਸੇ ਕੁਹਰਾਮ ਮਚਾ ਦੇਂਗੇ" ਨਾਲ ਐਕਸ਼ਨ ਸਾਂਗ ਪੇਸ਼ ਕੀਤਾ ਗਿਆ। ਇਸ ਨੂੰ ਪੇਸ਼ ਕਰਨ ਵਾਲੇ ਸਨ ਹਰਜਿੰਦਰ ਕੈਂਥ, ਸੁਲੱਖਣ ਅੜਕ, ਉਂਕਾਰ ਕੱਲ੍ਹ ਅਤੇ ਸੁਖਵਿੰਦਰ।

ਫਿਰ ਵਾਰੀ ਆਈ ਇਸ ਸ਼ਾਮ ਦੇ ਦੂਜੇ ਨਾਟਕ "ਲੱਤਾਂ ਦੇ ਭੂਤ" ਦੀ। ਇਹ ਨਾਟਕ ਵੈਨਕੂਵਰ ਸੱਥ ਦੇ ਦੋ ਮੈਂਬਰਾਂ ਸਾਧੂ ਅਤੇ ਸੁਖਵੰਤ ਹੁੰਦਲ ਦਾ ਲਿਖਿਆ ਸੀ। ਇਸ ਵਿਚ ਲੇਖਕਾਂ ਭਾਰਤੀ ਕਮਿਊਨਿਟੀ ਵਿਚ ਔਰਤਾਂ ਵਿਰੁੱਧ ਹੁੰਦੀ ਹਿੰਸਾ ਦਾ ਚਿਤਰਣ ਕੀਤਾ। ਇਸ ਵਿਚ ਉਨ੍ਹਾਂ ਦੱਸਿਆ ਕਿਵੇਂ ਕਈ ਲੋਕ ਦੋ ਤਰ੍ਹਾਂ ਦੀ ਜ਼ਿੰਦਗੀ ਜਿਉਂਦੇ ਹਨ। ਉਹ ਬਾਹਰੀ ਰੂਪ ਵਿਚ ਸਾਨੂੰ ਬੜੇ ਸਾਊ ਦਇਆਵਾਨ ਅਤੇ ਸ਼ਰੀਫ ਦਿਸਦੇ ਹਨ। ਪਰ ਜਦੋਂ ਉਹ ਆਪਣੇ ਅਸਲੀ ਅੰਦਰਲੇ ਰੂਪ ਵਿਚ ਪੇਸ਼ ਹੁੰਦੇ ਹਨ ਤਾਂ ਉਹ ਬੜੇ ਜ਼ਾਲਮ, ਕਰੂਰ ਅਤੇ ਬੇਤਰਸ ਹੁੰਦੇ ਹਨ। ਇਨ੍ਹਾਂ ਪਾਤਰਾਂ ਦਾ ਅਸਲੀ ਰੂਪ ਦਿਖਾਲਣ, ਲਈ ਉਨ੍ਹਾਂ ਨੂੰ ਕਾਲੇ ਰੰਗ ਦੇ ਚੋਲੇ (ਜਿਨ੍ਹਾਂ ਉਪਰ ਚਿੱਟੇ ਕਪੜੇ ਨਾਲ . ਖੋਪਰੀ ਅਤੇ ਹੱਡੀਆਂ ਦਾ ਨਿਸ਼ਾਨ ਬਣਿਆ ਹੋਇਆ ਸੀ) . ਪੁਆਏ ਗਏ। ਜਦੋਂ ਇਹ ਪਾਤਰ ਸਟੇਜ ਉਪਰ ਹੀ ਆਪਣੇ ਬਾਹਰੋਂ ਦਿਸਦੇ ਕਪੜੇ ਉਤਾਰਦੇ ਸਨ ਅਤੇ ਅੰਦਰੋਂ ਉਨ੍ਹਾਂ ਦੇ ਗਲ ਪਾਇਆ ਕਾਲਾ ਚੋਲਾ ਨਿਕਲਦਾ ਸੀ। ਇਸ ਬਦਲੀ ਨੂੰ ਦਰਸ਼ਕਾਂ ਨੇ ਬਹੁਤ ਮਜ਼ੇ ਨਾਲ ਮਾਣਿਆ। 'ਲੱਤਾਂ ਦੇ ਭੂਤ" ਬਾਰੇ ਜਾਣਕਾਰੀ ਦਿੰਦਿਆਂ ਸਾਧੂ ਹੁਰਾਂ ਕਿਹਾ ਕਿ ਹੋ ਸਕਦਾ ਹੈ ਕਿ ਸਾਡਾ ਨਾਟਕ ਦੇਖ ਕੇ ਕੁੱਝ ਲੋਕ ਇਹ ਕਹਿਣ ਕਿ ਅਸੀਂ ਐਵੇਂ ਹੀ ਗੱਲ ਵਧਾ ਚੜ੍ਹਾਂ ਕੇ ਪੇਸ਼ ਕਰ ਰਹੇ ਹਾਂ। ਉਨ੍ਹਾਂ ਕਿਹਾ ਕਿ ਪਰ ਇਹੋ ਜਿਹੀਆਂ ਘਟਨਾਂਵਾ ਸਾਡੀ ਕਮਿਊਨਿਟੀ ਵਿਚ ਮੌਕੇ ਬੇਮੌਕੇ ਵਾਪਰਦੀਆਂ ਹੀ ਰਹਿੰਦੀਆਂ ਹਨ ਅਤੇ ਅੱਜ ਸਾਨੂੰ ਲੋੜ ਹੈ ਕਿ ਇਨ੍ਹਾਂ ਘਟਨਾਵਾਂ ਨੂੰ ਸਾਹਮਣੇ ਲਿਆਕੇ, ਉਨ੍ਹਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਵੇ। ਇਸ ਨਾਟਕ ਵਿਚ ਹਿੱਸਾ ਲੈਣ ਵਾਲੇ ਸਨ ਜਗਦੀਸ਼ ਬਿਨਿੰਗ, ਅੰਜੂ ਹੁੰਦਲ, ਅਮਨ ਪਾਲ ਸਾਰਾ, ਸੁਖਵੰਤ ਹੁੰਦਲ ਅਤੇ ਹਰਜਿੰਦਰ ਸਾਂਗਰਾ।

ਦੇਖਣ ਆਏ ਲੋਕਾਂ ਦੀ ਆਮ ਰਾਏ ਮੁਤਾਬਕ ਨਾਟਕ 'ਲੱਤਾਂ ਦੇ ਭੂਤ" ਬਹੁਤ ਕਾਮਯਾਬ ਰਿਹਾ। ਕੁਝ ਦੇਰ ਪਹਿਲਾਂ ਸੱਥ ਵਲੋਂ ਲਿਖੇ ਤੇ . ਪੇਸ਼ ਕੀਤੇ ਨਾਟਕ 'ਪਿਕਟ ਲਾਈਨ" ਵਾਂਗ ਹੀ ਇਹ ਨਾਟਕ ਵੀ ਕੈਨੇਡਾ ਵਿਚ ਰਹਿ ਰਹੇ ਪੰਜਾਬੀ ਲੋਕਾਂ ਦੇ ਜੀਵਨ ਤੇ ਅਧਾਰਤ ਸੀ ਅਤੇ ਲੋਕਾਂ ਨੂੰ ਇਸ ਦੇ ਵਿਸ਼ੇ ਨਾਲ ਨੇੜਤਾ ਹੋਣੀ ਸੁਭਾਵਕ ਹੀ ਸੀ। ਪਰ ਇਕ ਬਹੁਤ ਹੀ ਗੰਭੀਰ ਤੇ ਗੁੰਝਲਦਾਰ ਵਿਸ਼ੇ ਨੂੰ ਕਲਾਤਮਕ ਤੇ ਦਿਲਚਸਪ ਤਰੀਕੇ ਨਾਲ ਪੇਸ਼ ਕਰਨ ਵਿਚ ਸੱਥ ਕਾਫੀ ਕਾਮਯਾਬ ਰਹੀ। ਸਰੋਤਿਆ ਨੇ ਸੱਥ ਦੇ ਮੈਂਬਰਾਂ ਦੀ ਇਸ ਕੋਸ਼ਿਸ਼ ਨੂੰ ਪੂਰੀ ਤਰ੍ਹਾਂ ਸਲਾਹਿਆ।

ਇਸ ਨਾਟਕ ਤੋਂ ਬਾਅਦ ਪੰਜਾਬ ਕਲਚਰਲ ਐਸੋਸੀਏਸ਼ਨ ਦੀ ਭੰਗੜੇ ਦੀ ਟੀਮ ਵੱਲੋਂ ਬਹੁਤ ਹੀ ਖੂਬਸੂਰਤ ਭੰਗੜਾ ਪੇਸ਼ ਕੀਤਾ ਗਿਆ। ਇਸਦੇ ਨਾਲ ਹੀ ਪਰੋਗਰਾਮ ਦੀ ਸਮਾਪਤੀ ਹੋਈ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਪਹਿਲੇ ਅੱਧ ਵਿਚ ਅੰਜੂ ਹੁੰਦਲ ਨੇ ਅਤੇ ਦੂਸਰੇ ਅੱਧ ਵਿਚ ਮੱਖਣ ਟੁੱਟ ਨੇ ਨਿਭਾਈ।

ਇਸ ਪਰੋਗਰਾਮ ਨੂੰ 600 ਦੇ ਲਗਭਗ ਲੋਕ ਦੇਖਣ ਆਏ। ਉਨ੍ਹਾਂ ਸਭ ਨੇ ਪਰੋਗਰਾਮ ਦੇ ਪਲ ਪਲ ਨੂੰ ਬੜੀ ਸ਼ਿੱਦਤ ਨਾਲ ਮਾਣਿਆ। ਇਸ ਪਰੋਗਰਾਮ ਨੂੰ ਸਫਲ ਬਨਾਉਣ ਲਈ ਸੱਥ ਦੇ ਕਲਾਕਾਰਾਂ ਤੋਂ ਬਿਨਾਂ ਹੋਰ ਵੀ ਕਈ ਸਾਥੀਆਂ ਨੇ ਮਦਦ ਕੀਤੀ। ਅਸਲ ਵਿਚ ਇਸ ਪਰੋਗਰਾਮ ਦੀ ਸਫਲਤਾ ਦਾ ਸਿਹਰਾ ਸੱਥ ਦੇ ਕਲਾਕਾਰਾਂ ਅਤੇ ਮਦਦਕਾਰਾਂ ਦੇ ਸਾਂਝੇ ਉਦਮ ਦੇ ਸਿਰ ਬੱਝਦਾ ਹੈ। ਇਸ ਪਰੋਗਰਾਮ ਦਾ ਸੁਨੇਹਾ ਲੋਕਾਂ ਤਕ ਲਿਜਾਣ ਵਿਚ ਕਨੇਡਾ ਦਰਪਣ, ਉਵਰਸੀਜ਼ ਟਾਈਮਜ਼, ਲਿੰਕ ਅਤੇ ਸੰਘਰਸ਼ ਦਾ ਪਰੋਗਰਾਮ ਵਿਚ ਧੰਨਵਾਦ ਕੀਤਾ। ਗਲਤੀ ਕਾਰਨ ਇਸ ਲਿਸਟ ਵਿਚੋਂ ਸੁਸ਼ਮਾ ਦਾ ਨਾਂ ਰਹਿ ਗਿਆ। ਅਸੀਂ ਸੁਸ਼ਮਾ ਹੁਰਾਂ ਦੇ ਵੀ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਸਾਡੇ ਪਰੋਗਰਾਮਾਂ ਬਾਰੇ ਟੀ. ਵੀ. ਤੇ ਦੱਸਿਆ। ਇਸ ਪਰੋਗਰਾਮ ਵਿਚ ਤਿੰਨ ਮਤੇ ਪਾਸ ਕੀਤੇ ਗਏ ਜਿਨ੍ਹਾਂ ਨੂੰ ਹਾਲ ਵਿਚ ਮੌਜੂਦ ਦਰਸ਼ਕਾਂ ਨੇ ਤਾੜੀਆਂ ਦੀ ਭਰਮਾਰ ਵਿਚ ਪਾਸ ਕੀਤਾ। ਇਹ ਮਤੇ ਇਸ ਪ੍ਰਕਾਰ ਹਨ :

**ਦੱਖਣੀ ਅਫਰੀਕਾ ਦੀ ਨਸਲਵਾਦੀ ਸਰਕਾਰ ਦੀ ਨਿਖੇਧੀ**

ਜਦੋਂ ਕਿ ਦੱਖਣੀ ਅਫਰੀਕਾ ਦੀ ਨਸਲਵਾਦੀ ਸਰਕਾਰ ਨੇ ਉਸ ਦੇਸ਼ ਦੀ ਬਹੁ ਗਿਣਤੀ ਕਾਲੇ ਲੋਕਾਂ ਨਾਲ ਅਣਮਨੁੱਖੀ ਤਰੀਕੇ ਅਪਣਾਏ ਹਨ ਅਤੇ ਉਹ ਸਾਰੀ ਦੁਨੀਆਂ ਦੇ ਇਨਸਾਫ ਪਸੰਦ ਲੋਕਾਂ ਵਲੋਂ ਨਿੰਦੇ ਗਏ ਹਨ। ਕਾਲੇ ਲੋਕਾਂ ਨੂੰ ਆਪਣੇ ਹੀ ਦੇਸ਼ ਵਿਚ ਗੁਲਾਮ ਬਣਾ ਕੇ ਰੱਖਣਾ, ਗੋਰੇ ਲੋਕਾਂ ਵਾਂਗ ਵੋਟ ਦਾ ਹੱਕ ਨਾ ਦੇਣਾ, ਗੋਰੇ ਆਬਾਦੀ ਵਾਲੇ ਸ਼ਹਿਰਾਂ 'ਚ ਇਜ਼ਾਜ਼ਤ ਲੈ ਕੇ ਦਾਖਲ ਹੋਣਾ ਇਹ ਕੁਝ ਕੁ ਮੁਖ ਗੱਲਾਂ ਨੇ ਕਾਲੇ ਲੋਕਾਂ ਨੂੰ ਆਪਣੇ ਹੱਕਾਂ ਲਈ ਝੰਜੋੜਿਆ। ਇਸ ਘੋਲ ਨੂੰ ਦਬਾਉਣ ਲਈ ਨਸਲਵਾਦੀ ਸਰਕਾਰ ਵਲੋਂ ਕੀਤੇ ਤਸ਼ੱਦਦ ਨਾਲ ਸੈਂਕੜੇ ਲੋਕ ਗੋਲੀਆਂ ਨਾਲ ਮਾਰੇ ਗਏ ਅਤੇ ਅੱਜ ਵੀ ਮਾਰੇ ਜਾ ਰਹੇ ਹਨ। ਨੈਲਸਨ ਮੰਡੇਲਾ ਅਤੇ ਉਸ ਵਰਗੇ ਅਨੇਕਾਂ ਹੀ (ਲੋਕ ਆਗੂ) ਜੇਲਾਂ ਵਿਚ ਤਸੀਹੇ ਝੱਲ ਰਹੇ ਹਨ। ਦੱਖਣੀ ਅਫਰੀਕਾ ਦੇ ਲੋਕ-ਕਵੀ ਬੈਂਜਮਿਨ ਮੋਲਵਿਸ ਨੂੰ ਸਾਜ਼ਿਸ਼ ਰਚ ਕੇ ਫਾਂਸੀ ਦਿਤੀ ਗਈ। ਅਸੀਂ ਦੱਖਣੀ ਅਫਰੀਕਾ ਦੀ ਨਸਲਵਾਦੀ ਸਰਕਾਰ ਦੀ ਘੋਰ ਨਿਖੇਧੀ ਕਰਦੇ ਹੋਏ ਸੰਘਰਸ਼ ਦੇ ਰਾਹ ਤੁਰੇ ਕਾਲੇ ਲੋਕਾਂ ਦੇ ਘੋਲ ਦੀ ਹਮਾਇਤ ਕਰਦੇ ਹਾਂ। ਅਸੀਂ ਲੋਕਾਂ ਨੂੰ ਅਪੀਲ ਕਰਦੇ ਹਾਂ ਕਿ ਤੁਸੀਂ ਸਾਊਥ ਅਫਰੀਕਾ ਦੀਆਂ ਬਣੀਆਂ ਸਾਰੀਆਂ ਚੀਜ਼ਾਂ ਦਾ ਬਾਈਕਾਟ ਕਰੋ। ਅਸੀਂ ਕੈਨੇਡਾ ਦੀ ਸਰਕਾਰ ਤੋਂ ਇਹ ਮੰਗ ਕਰਦੇ ਹਾਂ ਕਿ ਦੱਖਣੀ ਅਫਰੀਕਾ ਦੀ ਨਸਲਵਾਦੀ ਸਰਕਾਰ ਦੇ ਖਿਲਾਫ ਆਰਥਿਕ ਪਾਬੰਦੀਆਂ ਨੂੰ ਸਖਤੀ ਨਾਲ ਲਾਗੂ ਕਰੇ।

## ਜਮਹੂਰੀਅਤ ਵਿਰੋਧੀ ਅੰਸ਼ ਦੀ ਨਿਖੇਧੀ

ਜਦੋਂ ਕਿ ਪਿਛਲੇ ਕੁਝ ਸਮੇਂ ਤੋਂ ਭਾਰਤੀ ਕਮਿਊਨਿਟੀ ਵਿਚ ਹਿਸਕ ਘਟਨਾਵਾਂ ਵਿਚ ਵਾਧਾ ਹੋਇਆ ਹੈ। ਲੋਕਾਂ ਦੀ ਲਿਖਣ ਬੋਲਣ ਤੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਤੇ ਜਮਹੂਰੀਅਤ ਵਿਰੋਧੀ ਅੰਸ਼ ਵਲੋਂ ਘਾਤਕ ਹਮਲੇ ਕੀਤੇ ਗਏ ਹਨ। ਬੀ. ਸੀ. ਓ. ਐਫ. ਆਰ. ਦੇ ਪ੍ਰਧਾਨ ਚਰਨਪਾਲ ਗਿੱਲ ਹੋਰਾਂ ਉਪਰ ਨਿਊਵੈਸਟ ਮਨਿਸਟਰ ਦੇ ਗੁਰਦੁਵਾਰੇ ਵਿਚ ਅਤੇ ਹਰਦਿਆਲ ਸਿੰਘ ਜੌਹਲ ਹੁਰਾਂ ਉਪਰ ਉਨ੍ਹਾਂ ਦੇ ਕੰਮ ਤੇ ਕੀਤੇ ਹਮਲੇ ਇਸ ਦੀਆਂ ਤਾਜਾਂ ਮਿਸਾਲਾਂ ਹਨ। ਵੈਨਕੂਵਰ ਸੱਥ ਇਨ੍ਹਾਂ ਬੁਜ਼ਦਿਲਾਨਾ ਅਤੇ ਘਟੀਆ ਕਾਰਵਾਈਆਂ ਦੀ ਸਖਤ ਨਿਖੇਧੀ ਕਰਦੀ ਹੈ ਅਤੇ ਭਾਰਤੀ ਕਮਿਊਨਿਟੀ ਦੇ ਸਾਰੇ ਜਮਹੂਰੀਅਤ ਪਸੰਦ ਲੋਕਾਂ ਤੋਂ ਇਹ ਮੰਗ ਕਰਦੀ ਹੈ ਕਿ ਉਹ ਇਨ੍ਹਾਂ ਜਮਹੂਰੀਅਤ ਵਿਰੋਧੀ ਅਨਸਰਾਂ ਦਾ ਖੁਲ੍ਹੇ ਤੌਰ ਤੇ ਡਟਵਾਂ ਵਿਰੋਧ ਕਰਕੇ ਕਮਿਊਨਿਟੀ ਵਿਚ ਅਮਨ ਅਤੇ ਸਦਭਾਵਨਾ ਕਾਇਮ ਰੱਖਣ ਲਈ ਆਪਣਾ ਹਿਸਾ ਪਾਉਣ।

## ਆਕਾਲੀ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਖੰ ਡਨ

ਪੰਜਾਬ ਲੋਕ ਸਭਿਆਚਾਰਕ ਮੰਚ ਵਲੋਂ 29 ਸਤੰਬਰ 1985 ਨੂੰ ਅਨੰਦਪੁਰ ਸਾਹਿਬ ਵਿਖੇ ਸਭਿਆਚਾਰਕ ਪਰੋਗਰਾਮ ਰਖਿਆ ਗਿਆ। ਪਰੋਗਰਾਮ ਨੂੰ ਬੰਦ ਕਰਨ ਲਈ ਅਕਾਲੀ ਸਰਕਾਰ ਵਲੋਂ ਦਫਾ ਚਤਾਲੀ ਲਾਈ ਗਈ। ਪੰਜਾਬ ਲੋਕ ਸਭਿਆਚਾਰਕ ਮੰਚ ਵਲੋਂ ਚਾਰ ਦੀਵਾਰੀ ਦੇ ਅੰਦਰ ਕੀਤੇ ਜਾ ਰਹੇ ਪਰੋਗਰਾਮ ਤੇ ਅਕਾਲੀ ਸਰਕਾਰ ਦੇ ਇਸ਼ਾਰੇ ਤੇ ਪੁਲੀਸ ਨੇ ਬਿਨਾਂ ਚਿਤਾਵਣੀ ਦਿਤਿਆਂ ਅੰਧਾ ਧੁੰਦ ਲਾਠੀਚਾਰਜ ਕੀਤਾ। ਭਾਰਤੀ ਹੁਕਮਰਾਨ ਸਰਕਾਰ ਵਾਂਗ .. ਅਕਾਲੀ ਸਰਕਾਰ ਦੀਆਂ ਲੋਕ-ਵਿਰੋਧੀ ਨੀਤੀਆਂ ਦੀ ਇਕ ਕੋਝੀ ਝਲਕ ਹੈ, ਵੈਨਕੂਵਰ ਸੱਥ ਅਕਾਲੀ ਸਰਕਾਰ ਦੀ ਇਸ ਘਟੀਆ ਅਤੇ ਕਮੀਨੀ ਹਰਕਤ ਦੀ ਸਖਤ ਨਿਖੇਧੀ ਕਰਦੀ ਹੋਈ ਸਮੂੰਹ ਲੋਕਾਂ ਨੂੰ ਅਪੀਲ ਕਰਦੀ ਹੈ ਕਿ ਭਾਰਤੀ ਹੁਕਮਰਾਨ ਕਾਂਗਰਸ ਸਰਕਾਰ ਵਾਂਗ ਪੰਜਾਬ ਦੀ ਅਕਾਲੀ ਸਰਕਾਰ ਦੇ ਚਿਹਰੇ ਤੇ ਪਾਏ ਲੋਕ ਤੰਤਰ ਦੇ ਨਕਾਬ ਲਾਹ ਕੇ ਇਸ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਖੰਡਨ ਕਰੋ!

• (VANCOUVER, B.C.)

(27 ਦੀ ਬਾਕੀ)

ਨਿਸ਼ਾਨੇ ਲਈ ਲੜਨ ਖਾਤਰ ਕੈਨੇਡਾ ਛੱਡ ਜਾਣਾ ਹੋਵੇ ਪਰ ਇਥੇ ਆਏ ਬਹੁ ਗਿਣਤੀ ਭਾਰਤੀਆਂ ਜਿਹਨਾਂ ਵਿਚ ਸਿੱਖਾਂ ਦੀ ਗਿਣਤੀ ਸਭ ਤੋਂ ਵੱਧ ਹੈ, ਨੇ ਇਥੇ ਹੀ ਰਹਿਣਾ ਹੈ ਤੇ ਉਹਨਾਂ ਦੀਆਂ ਅਗਲੀਆਂ ਪੀਹੜੀਆਂ ਨੇ ਤੇ ਅਜੇ ਹੋਰ ਆਉਣ ਵਾਲੇ ਇੰਮੀਗਰੈਂਟਾਂ ਨੇ ਇਥੇ ਹੀ ਰਹਿਣਾਂ ਹੈ। ਅੱਜ ਇਹ ਲੋਕ ਕਲੈਨ ਵਰਗੀਆਂ, ਅਣਮਨੁੱਖੀ ਆਸ਼ਿਆਂ ਵਾਲੀਆਂ, ਹਿਟਲਰ ਨੂੰ ਪੂਜਣ ਵਾਲੀਆਂ ਜਥੇਬੰਦੀਆਂ ਨਾਲ ਯਰਾਨਾ - ਪਾ ਕੇ ਲੋਕਾਂ ਦੇ ਕੈਨੇਡਾ ਵਿਚਲੇ ਭਵਿਖ ਨੂੰ ਹਨੇਰਾ ਕਰ ਰਹੇ ਹਨ। ਅਤੇ ਕਰ ਵੀ ਇਹ ਸਭ ਕੁਝ ਧਰਮ ਦੇ ਨਾਂ ਤੇ ਰਹੇ ਹਨ। ਤੇ ਧਰਮ ਵੀ ਉਹ ਜਿਹੜਾਂ ਗੁਰੂ ਨਾਨਕ ਨੇ ਬੀਜਿਆ ਤੇ ਗੁਰੂ ਗੋਬਿੰਦ ਸਿੰਘ ਨੇ ਆਪਣੇ ਖੂਨ ਨਾਲ ਸਿੰਜਿਆ। ਇਹਨਾਂ ਮਹਾਨ ਗੁਰੂਆਂ ਦੀ ਸਿੱਖਿਆ ਤੇ ਚੱਲਣ ਵਾਲਾ ਕੋਈ ਮਨੁੱਖ ਕਲੈਨ ਵਰਗੀਆਂ ਜਥੇਬੰਦੀਆਂ ਦਾ ਦੋਸਤ ਹੋ ਸਕਦਾ ਹੈ? ਹਰ ਸਿੱਖ ਲਈ ਇਸ ਸਵਾਲ ਦਾ ਜਵਾਬ ਜਾਨਣਾ ਜ਼ਰੂਰੀ ਹੈ। ਜੇ ਗੁਰੂ ਨਾਨਕ ਦੇਵ ਦੀ ਸਿਖਿਆ 'ਤੇ ਚੱਲਣ ਵਾਲੇ ਕਲੈਨ ਦੇ ਦੋਸਤ ਹੋ ਸਕਦੇ ਹਨ ਤਾਂ ਫੇਰ ਭਾਈ ਲਾਲੋ ਤੇ ਮਾਲਕ ਭਾਗੋ 'ਚ ਫਰਕ ਦੱਸਣ ਵਾਲੇ ਗੁਰੂ ਦੀ ਸਿਖਿਆ ਲੋਕਾਂ ਨੂੰ ਦੇਣੀ ਬੰਦ ਕਰ ਕਰ ਦੇਣੀ ਚਾਹੀਦੀ ਹੈ।

ਅਖੀਰ ਵਿਚ ਅਸੀਂ ਪੰਜਾਬੀ ਪਾਠਕਾਂ ਨੂੰ ਇਹ ਹੀ ਕਹਿਣਾ ਚਾਹਾਂਗੇ ਕਿ ਇਹ ਜੋ ਭਵਿਖ ਗੰਧਲਾ ਕਰ ਰਹੇ ਹਨ ਉਹ ਤੁਹਾਡਾ ਹੈ, ਉਹ ਆਪਣਾ ਸਾਰਿਆਂ ਦਾ ਹੈ। ਕੀ ਅਸੀਂ ਆਪਣੀਆਂ ਅੱਖਾਂ ਸਾਹਮਣੇ ਆਪਣਾ ਭਵਿਖ ਤਬਾਹ ਹੁੰਦਾ ਦੇਖਦੇ ਰਹਾਂਗੇ ਥੱਕੇ ਹੋਏ ਤਮਾਸ਼ਬੀਨਾਂ ਦੀ ਤਰ੍ਹਾਂ? ●

( ਸਫ਼ਾ 23 ਤੋਂ ਅੱਗੇ )

ਜਿਨ੍ਹਾਂ ਵਿਚ ਕਿਹਾ ਗਿਆ ਸੀ ਕਿ ਪ੍ਰੋ. ਬਾਲਾਗੋਪਾਲ, ਸ੍ਰੀ ਵਾਰਵਰਾ ਰਾਓ ਤੇ ਡਾਕਟਰ ਰਾਮਾਨਾਥਮ ਗੁੰਡੇ ਹਨ ਤੇ ਇਹਨਾਂ ਨਾਲ ਛੇਤੀ ਹੀ ਸਿਲਝਿਆ ਜਾਵੇਗਾ। ਸ੍ਰੀ ਕਾਨਾਬਿਰਨ ਨੂੰ ਦੋਸਤਾਂ ਤੇ ਸ਼ੁਭ-ਚਿੰਤਕਾਂ ਨੇ ਅਪਣੀਆਂ ਬਾਹਰੀ ਸਰਗਰਮੀਆਂ ਘੱਟ ਕਰਨ ਦੀ ਸਲਾਹ ਦਿਤੀ ਹੈ ਤਾਂ ਕਿ ਉਹ ਪ੍ਰ ਤ ਭਰ ਵਿਚ ਜਮਹੂਰੀ ਅਧਿਕਾਰਾਂ ਦੇ ਕੇਸਾ ਦੀ ਪੈਰਵਾਈ ਹੋਰ ਵੀ ਵਧੀਆ ਤਰਾਂ ਕਰ ਸਕਣ ਪਰ ਉਹਨਾਂ ਦਾ ਕਹਿਣਾ ਹੈ ਕਿ ਅਜਿਹਾ ਕਰਨ ਦਾ ਮਤਲਬ ਦਮਨਕਾਰੀਆਂ ਦੇ ਸਾਹਮਣੇ ਗੋਡੇ ਟੇਕਣਾ ਹੋਵੇਗਾ।

—ਜਮਹੂਰੀ ਅਧਿਕਾਰਾਂ ਸਬੰਧੀ ਜਥੇਬੰਦੀਆਂ, ਪਰਜਾਤੰਤਰਿਕ ਵਿਰੋਧ ( democratic dissent) ਤੇ ਲੋਕਾਂ ਦੀ ਜ਼ਮੀਰ ਦਾ ਪ੍ਰਤੀਕ ਹਨ। ਇਹ ਸਰਕਾਰੀ ਏਜੰਸੀਆਂ ਤੇ ਰਾਜ ਕਰ ਰਹੀਆ ਸਕਤੀਆਂ ਦੀ ਧਕੇਸ਼ਾਹੀ ਤੇ ਕੁਕਰਮਾਂ ਨੂੰ ਨੰਗਿਆਂ ਕਰਨ ਲਈ ਜਦੋ-ਜਹਿਦ ਕਰ ਰਹੀਆਂ ਹਨ।

—ਉਹਨਾਂ ਲੋਕਾਂ ਦੇ ਅਧਿਕਾਰਾਂ ਤੇ ਹਮਲਾ ਕਰਨਾ ਜੋ ਜਨ-ਸਧਾਰਨ ਦੇ ਜਾਇਜ਼ ਤੇ ਵਿਧਾਨਕ ਹੱਕਾਂ ਦੀ ਰਖਵਾਲੀ ਕਰਨ ਲਈ ਜੂਝਦੇ ਹਨ, ਸੰਵਿਧਾਨਕ ਵਿਵਸਥਾ ਉਤੇ ਹਮਲਾ ਕਰਨ ਦੇ ਬਰਾਬਰ ਹੈ। ਤੇ ਇਹ ਹਮਲ ਦਿਨ-ਬ-ਦਿਨ ਸੁੰਗੜ ਰਹੇ ਸਾਡੇ ਲੋਕ ਤੰਤਰਿਕ ਅਧਾਰ ਦੀ ਨਿਸ਼ਾਨੀ ਹੈ।

ਪੰਜਾਬੀ ਪੱਤ੍ਰਕਾਰੀ: ਪ੍ਰੋ: ਬਲਦੀਪ (ਸ੍ਰਮਗਾਲਾ)

●

# ਇੰਡੋ ਕਨੇਡੀਅਨ ਵਿੱਚ ਛਪੇ ਕੂ-ਕਲਕਸ-ਕਲੈਨ ਦੇ ਖ਼ਤ ਦੇ ਪ੍ਰਤੀਕਰਮ ਵਿੱਚ

(ਸਾਧੂ, ਸੁਖਵੰਤ ਹੁੰਦਲ, ਸਰਵਣ ਬੋਲ, ਸੁੱਖਦ ਟੂੰਟ)

ਅਸੀਂ ਇਹ ਖ਼ਤ ਇਥੋਂ ਨਿਕਲਦੇ ਅਖਬਾਰ ਇੰਡੋ-ਕਨੇਡੀਅਨ ਦੇ ਨਵੰਬਰ 15 ਵਾਲੇ ਅੰਕ ਦੇ ਸਫਾ 15 ਉਪਰ ਛਪੀ ਇਕ ਚਿੱਠੀ ਦੇ ਸਬੰਧ ਵਿਚ ਲਿਖ ਰਹੇ ਹਾਂ। ਇਹ ਚਿੱਠੀ ਅਮਰੀਕਾ/ਕੈਨੇਡਾ ਦੀ ਇਕ ਨਸਲਵਾਦੀ ਸੰਸਥਾ ਕੂ ਕਲੱਕਸ ਕਲੈਨ ਦੇ ਇਕ ਲੀਡਰ ਏਸਿਕਸਨਾ ਨੇ ਕਿਨਸਿੰਗਟਨ ਓਨਟੇਰਿਓ ਦੀ ਜੇਲ ਵਿਚੋਂ ਸਿੱਖਾਂ ਦੇ ਨਾਂ ਲਿਖਿਆ ਹੈ। ਇਸ ਖਤ ਵਿਚ ਇਸ ਨਸਲਵਾਦੀ ਗੋਰੇ ਨੇ ਕੂ ਕਲਕਸ ਕਲੈਨ ਨੂੰ ਸਿੱਖਾਂ ਦਾ ਦੋਸਤ ਕਿਹਾ ਹੈ ਅਤੇ ਉਹਨਾਂ ਦੇ ਧਰਮਯੁੱਧ ਵਿਚ ਮਦਦ ਕਰਨ ਦਾ ਵਾਇਦਾ ਕੀਤਾ ਹੈ। ਖਤ ਵਿਚ ਉਸ ਨੇ ਇਹ ਹੈਰਾਨੀ ਵੀ ਪਰਗਟ ਕੀਤੀ ਹੈ ਕਿ ਸਿਖ ਕਲੈਨ ਦੇ ਵਿਰੁੱਧ ਕਿਉਂ ਹਨ। ਉਹ ਲਿਖਦਾ ਹੈ : "ਪਰ ਮੈਨੂੰ ਇਕ ਗੱਲ ਦੀ ਸਮਝ ਨਹੀਂ ਲੱਗੀ ਕਿ ਸਿੱਖ ਸਾਡੇ ਖਿਲਾਫ ਕਿਉਂ ਹਨ। ਮੈਨੂੰ ਅੰਦਾਜ਼ਾ ਲਗਦਾ ਹੈ ਕਿ ਸਿੱਖ ਸਾਡੇ ਬਾਰੇ ਕੁਝ ਨਹੀਂ ਜਾਣਦੇ।" ਸਿਕਸਨਾ ਸਾਰਾ ਕਸੂਰ ਕੌਮਿਨਿਸਟਾਂ ਵਿਚ ਕੱਢਦਾ ਹੈ ਤੇ ਕਹਿੰਦਾ ਹੈ "ਅਸੀਂ ਕੌਮਨਿਸਟਾਂ ਦੇ ਖਿਲਾਫ ਹਾਂ ਤੇ ਹੁਣ ਜੋ ਕੁਝ ਹਿੰਦੋਸਤਾਨ ਵਿਚ ਲਾਲ ਕੁੱਤਿਆਂ ਨੇ ਸਿੱਖਾਂ ਨਾਲ ਕੀਤਾ ਹੈ ਇਹ ਵੀ ਉਹਨਾਂ ਦੇ ਖਿਲਾਫ ਆਜ਼ਾਦੀ ਪ੍ਰਾਪਤ ਕਰਨ ਤਕ ਲੜਦੇ ਰਹਿਣਗੇ। ਅਸੀਂ ਸਿੱਖਾਂ ਦੇ ਨਾਲ ਹਾਂ। ਮੈਨੂੰ ਪਤਾ ਨਹੀਂ ਜਦੋਂ ਮੈਂ ਜੇਹਲ 'ਚੋਂ ਬਾਹਰ ਆਵਾਂਗਾ ਤਾਂ ਕਿੰਨਾ ਰਾਜਨੀਤਕ ਕੰਮ ਕਰਨ ਦੀ ਸਰਕਾਰ ਇਜਾਜ਼ਤ ਦੇਵੇਗੀ। ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੈਂ ਸਿੱਖਾਂ ਦੇ ਵਿਰੁੱਧ ਕਦੇ ਕੁਝ ਨਹੀਂ ਕਿਹਾ ਤੇ ਨਾ ਹੀ ਕਦੇ ਸਿੱਖਾਂ ਦੇ ਖਿਲਾਫ ਕੁਝ ਕਹਾਂਗੇ।" (ਸਿਕਸਨਾ ਦੇ ਖਤ ਵਿਚੋਂ)

ਜੋ ਲੋਕ ਕੂਲ ਕਲਕਸ ਕਲੈਨ ਦੇ 120-25 ਸਾਲ ਦੇ ਇਤਿਹਾਸ ਤੋਂ ਵਾਕਿਫ ਹਨ ਉਹ ਭਲੀਭਾਂਤ ਜਾਣਦੇ ਹਨ ਕਿ ਇਸ ਸੰਸਥਾ ਦੇ ਲੀਡਰ ਦੀਆਂ ਗੱਲਾਂ ਵਿਚ ਕਿੰਨੀ ਕੁ ਸਚਾਈ ਹੈ। ਉਹ ਇਹ ਵੀ ਜਾਣਦੇ ਹਨ ਕਿ ਇਹ ਸੰਸਥਾ ਕਿਉਂ ਸ਼ੁਰੂ ਹੋਈ, ਕੀ ਕਰਦੀ ਰਹੀ ਹੈ, ਕੀ ਕਰਦੀ ਹੈ ਤੇ ਕੀ ਕਰਨਾ ਚਾਹੁੰਦੀ ਹੈ। ਕਲੈਨ ਬਾਰੇ ਥੋੜੀ ਬਹੁਤੀ ਜਾਣਕਾਰੀ ਰੱਖਣ ਵਾਲੇ ਲੋਕ ਵੀ ਇਹ ਜਾਣਦੇ ਹਨ ਕਿ ਕਿਸ ਸਿਕਸਨਾ ਦੇ ਇਸ ਕਥਨ "ਅਸੀਂ ਬਲੈਕ ਮਿਲੀਟੈਂਟ ਮਾਰਟਨ ਲੂਥਰ ਕਿੰਗ ਦੀ ਤਰਾਂ ਹੀ ਹਾਂ", ਵਿਚ ਕਿੰਨੀ ਭਿਆਨਕ ਕਿਸਮ ਦਾ ਝੂਠ ਛੁਪਿਆ ਹੋਇਆ ਹੈ। ਕੂ ਕਲਕਸ ਕਲੈਨ ਦੀ ਅਸਲੀਅਤ ਜਾਨਣ ਲਈ ਇਹ ਜ਼ਰੂਰੀ ਹੈ ਕਿ ਉਹਨਾਂ ਦੇ ਇਤਿਹਾਸ ਉਪਰ ਇਕ ਸੰਖੇਪ ਨਜ਼ਰ ਮਾਰੀ ਜਾਵੇ :

ਅਮਰੀਕਾ ਦੀ 1861-65 ਤੱਕ ਦੀ ਘਰੇਲੂ-ਜੰਗ ਵਿਚ ਦੱਖਣੀ ਸੂਬਿਆਂ ਦੀ ਹਾਰ ਪਿਛੋਂ ਕਾਲੇ ਗੁਲਾਮਾਂ ਨੂੰ ਦਬਾਅ ਕੇ ਰੱਖਣ ਲਈ ਕਈ ਕਿਸਮ ਦੀਆਂ ਜੱਥੇਬੰਦੀਆਂ ਹੋਂਦ ਵਿਚ ਆਈਆਂ। ਜਿਹਨਾਂ ਵਿਚੋਂ ਕੁਝ ਇਕ ਦੇ ਨਾਂ ਸਨ, 'ਨਾਈਟਸ ਆਫ ਦੀ ਬਲੈਕ ਕਰਾਸ' 'ਨਾਈਟਸ ਆਫ ਦੀ ਵਾਈਟ ਕਾਮੇਲੀਆ' 'ਨਾਈਟਸ ਆਫ ਦੀ ਵਾਈਟ ਰੋਜ਼' 'ਪੇਲ ਫੇਸਸ', 'ਰੈਡ ਜੈਕਟਸ' ਅਤੇ 'ਵਾਈਟ ਬਰੱਦਰਹੁੱਡ' ਆਦਿ ਕੂ ਕਲਕਸ ਕਲੈਨ ਵੀ ਇਹਨਾਂ ਵਰਗੀ ਹੀ ਇਕ ਸੰਸਥਾ ਸੀ ਜਿਹੜੀ 1865 ਨੂੰ ਪੁਲਾਸ਼ਕੀ ਟੈਨੇਸੀ ਵਿਚ ਸਿਵਲ ਵਾਰ ਦੇ ਜੰਗੀਆਂ ਜਿਹਨਾਂ ਦਾ ਲੀਡਰ ਜੈਨਰਲ ਬੈਡਫੋਰਡ ਫੋਰਸਟ ਸੀ ਨੇ ਖੜੀ ਕੀਤੀ। ਕੂ ਕਲਕਸ ਇਕ ਗਰੀਕ ਅੱਖਰ 'ਕੁਕਲਪੋਂਂਫ' ਦਾ ਵਿਗੜਿਆ ਅੰਗਰੇਜ਼ੀ ਰੂਪ ਹੈ ਜਿਸਦਾ ਮਤਲਬ ਹੈ ਘੇਰਾ। ਬਾਕੀਆਂ ਨਾਲੋਂ ਇਸ ਸੰਸਥਾ ਦੇ ਬਹੁਤਾ ਮਸ਼ਹੂਰ ਹੋਣ ਦਾ ਸਿੱਧਾ ਕਾਰਨ ਸੀ ਕਿ ਇਸਨੂੰ ਸਾਊਥ ਦੇ ਕਪਾਹ ਬੀਜਣ ਵਾਲਿਆਂ ਵਲੋਂ ਪੂਰੀ ਹਮਾਇਤ ਮਿਲੀ। ਇਹਨਾਂ ਦਾ ਤਰੀਕਾ ਬੜਾ ਸਿੱਧਾ ਸੀ। ਇਹ ਕਾਲੇ ਲੋਕਾਂ ਨੂੰ ਤਸ਼ੱਦਦ ਰਾਹੀਂ ਡਰਾ ਦਬਾ ਕੇ ਰੱਖਦੇ ਤਾਂ ਕਿ ਉਹਨਾਂ ਤੋਂ ਪਹਿਲਾਂ ਵਾਂਗ ਹੀ ਗੁਲਾਮਾਂ ਵਾਲਾ ਕੰਮ ਲਿਆ ਜਾ ਸਕੇ। ਇਹ ਰਾਤ ਵੇਲੇ ਸਿਰ ਮੂੰਹ ਚਿੱਟੇ ਬੁਰਕਿਆਂ ਵਿਚ ਲਪੇਟ, ਹਥਿਆਰ ਬੰਦ ਹੋ ਤੇ ਘੋੜਸਵਾਰ ਹੋ ਕੇ ਸੁੱਤੇ ਪਏ ਕਾਲੇ ਲੋਕਾਂ ਦੇ ਘਰਾਂ ਉਪਰ ਹਮਲੇ ਕਰਦੇ। ਉਹਨਾਂ ਨੂੰ ਕੁੱਟਦੇ, ਹੱਡ ਪੈਰ ਭੰਨਦੇ, ਜ਼ਖਮੀ ਕਰਦੇ, ਔਰਤਾਂ ਬੱਚਿਆਂ ਤੇ ਬੇ-ਹਥਿਆਰੇ ਮਨੁੱਖਾਂ ਨੂੰ ਗੋਲੀਆਂ ਨਾਲ ਉਡਾਉਂਦੇ ਦਰਖਤਾਂ ਨਾਲ ਟੰਗ ਕੇ ਫਾਹੇ ਲਾਉਂਦੇ, ਜਿਉਂਦਿਆਂ ਨੂੰ ਸਾੜਦੇ। ਇਸ ਤਰ੍ਹਾਂ ਦੇ ਅਣਮਨੁੱਖੀ ਤਰੀਕਿਆਂ ਨਾਲ ਕਾਲੇ ਲੋਕਾਂ ਵਿਚ ਤਸ਼ੱਦਦ ਫੈਲਾ ਕੇ ਉਹਨਾਂ ਨੂੰ ਆਪਣੇ ਹੱਕ ਮੰਗਣ ਤੋਂ ਰੋਕਦੇ। ਚੋਣਾਂ ਵੇਲੇ ਹਰ ਤਰੀਕਾ ਵਰਤ ਕੇ ਕਾਲੇ ਲੋਕਾਂ ਨੂੰ ਵੋਟ ਪਾਉਣ ਤੋਂ ਰੋਕਦੇ। ਮਿਸੀ ਸਿਪੀ ਦੇ ਇਕ ਛੋਟੇ ਜਿਹੇ ਸ਼ਹਿਰ ਵਿਕਸਵਰਗ ਵਿਚ 1874 ਦੀਆਂ ਸ਼ਹਿਰ ਦੀਆਂ ਚੋਣਾਂ ਵੇਲੇ 200 ਕਾਲਾ ਸ਼ਰੇਆਮ ਮਾਰ ਦਿਤਾ ਗਿਆ। ਇਸ ਤਰ੍ਹਾਂ ਦੇ ਹੋਰ ਵੀ ਅਨੇਕਾਂ ਮੌਕਿਆਂ ਵੇਲੇ ਵੱਡੀ ਗਿਣਤੀ ਵਿਚ ਕਾਲਿਆਂ ਨੂੰ ਮਾਰਿਆ ਗਿਆ। ਇਕੱਲੇ ਦੁਕੱਲੇ ਕੇਸ ਤਾਂ ਨਿੱਤ ਦੀ ਘਟਨਾ ਸਨ ਜਿਹਨਾਂ ਦਾ ਕਿਸੇ ਪਾਸੇ ਕੋਈ ਰੀਕਾਰਡ ਵੀ ਨਹੀਂ ਮਿਲਦਾ।

ਅਮਰੀਕਾ ਦੀ ਕੇਂਦਰੀ ਸਰਕਾਰ ਵਲੋਂ 1870 ਦੇ ਸ਼ੁਰੂ ਵਿਚ ਇਸ ਸੰਸਥਾ ਨੂੰ ਗੈਰਕਾਨੂੰਨੀ ਕਰਾਰ ਦੇ ਦਿਤਾ ਗਿਆ ਸੀ। ਪਰ ਇਸ ਨਾਲ ਕੋਈ ਫਰਕ ਨਹੀਂ ਪਿਆ। ਇਹ ਫਿਰ ਪਹਿਲਾਂ ਵਾਂਗ ਹੀ ਕਾਰਵਾਈਆਂ ਕਰਦੇ ਰਹੇ ਕਿਉਂਕਿ ਸਾਊਥ-ਸਟੇਟਸ ਦੇ ਵੱਡੇ ਵੱਡੇ ਜ਼ਮੀਨਦਾਰਾਂ ਦੀ ਇਹਨਾਂ ਨੂੰ ਪੂਰੀ ਪੂਰੀ ਹਮਾਇਤ ਹਾਸਿਲ ਸੀ। ਬਹੁਤ ਸਾਰੇ ਗਰੀਬ ਗੋਰੇ ਵੀ ਕਾਲਿਆਂ ਦੇ ਘੋਲ ਦੀ ਹਮਾਇਤ ਕਰਦੇ ਸਨ। ਇਹਨਾਂ ਗੋਰਿਆਂ ਨੂੰ ਅਮੀਰਾਂ ਤੇ ਉਹਨਾਂ ਦੇ ਹਥਿਆਰ ਕੂ ਕਲਕਸ ਕਲੈਨ ਹੱਥੋਂ ਮਾਰ ਖਾਣੀ ਪੈਂਦੀ। ਗਰੀਬ ਗੋਰੇ ਲੋਕਾਂ ਨੂੰ ਜਿਹੜੇ ਕਾਲਿਆਂ ਦੀ ਮੱਦਦ ਕਰਦੇ ਸਨ 'ਕਾਰਪਟ ਬੈਗਰ' ਸਦਿਆ ਜਾਂਦਾ ਸੀ।

ਇਸ ਸਭ ਕਿਸਮ ਦੇ ਤਸ਼ੱਦਦ ਪਿਛੇ ਸਿਆਸੀ ਤੇ ਆਰਥਿਕ ਕਾਰਨ ਸਨ। ਜਦੋਂ ਤੱਕ ਨਾਰਥ-ਸਟੇਟਸ ਦੇ ਕਾਰਖਾਨੇਦਾਰਾਂ ਨੂੰ ਇਸ ਗੱਲ ਦਾ ਯਕੀਨ ਨਹੀਂ ਹੋ ਗਿਆ ਕਿ ਉਹਨਾਂ ਨੇ ਸਾਊਥ ਦੇ ਜ਼ਿਮੀਦਾਰਾਂ ਦੀ ਤਾਕਤ ਨੂੰ ਪੂਰੀ ਤਰ੍ਹਾਂ ਨੱਪ ਲਿਆ ਹੈ ਉਹ ਕਾਲੇ ਲੋਕਾਂ ਦੀ ਮਾੜੀ ਹਾਲਤ ਨੂੰ ਹਥਿਆਰ ਦੇ ਤੌਰ ਤੇ ਵਰਤਦੇ ਰਹੇ ਤੇ ਕਾਲੇ ਲੋਕਾਂ ਲਈ ਦਰਦ ਦਾ ਇਜਹਾਰ ਕਰਦੇ ਰਹੇ। ਪਰ ਜਦੋਂ ਉਹਨਾਂ ਦਾ ਆਪਣਾ ਮਤਲਬ ਹੱਲ ਹੋ ਗਿਆ ਤਾਂ ਉਹਨਾਂ ਨੇ ਕਾਲੇ ਲੋਕਾਂ ਵੱਲ ਧਿਆਨ ਦੇਣਾ ਛੱਡ ਦਿਤਾ। 1877 ਤੋਂ ਬਾਅਦ ਸਾਊਥ ਵਿਚ ਪਹਿਲਾਂ ਵਾਲੀਆਂ ਹਾਲਤਾਂ ਕਾਇਮ ਹੋ ਗਈਆਂ। ਕੂ ਕਲਕਸ ਕਲੈਨ ਇਸ ਸਾਰੀ ਜਦੋ ਜਹਿਦ ਵਿਚ ਕਾਲੇ ਲੋਕਾਂ ਨੂੰ ਦਬਾਅ ਕੇ ਰੱਖਣ ਦਾ ਸਭ ਤੋਂ ਵੱਡਾ ਤੇ ਵਧੀਆ ਹਥਿਆਰ ਸੀ ਜਿਸ ਨੂੰ ਕਿ ਪੂਰੀ ਖੁਲ੍ਹ ਨਾਲ ਵਰਤਿਆ ਗਿਆ। ਸਾਊਥ ਸਟੇਟਸ ਵਿਚ 1866 ਤੋਂ 1875 ਤੱਕ ਕਲੈਨ ਨੇ 3500 ਤੋਂ ਉਪਰ ਕਾਲੇ ਲੋਕਾਂ ਦਾ ਖੂਨ ਕੀਤਾ। ਇਹ ਬੰਦੇ ਨੂੰ ਮਾਰਦੇ ਇਸ ਤਰੀਕੇ ਨਾਲ ਸਨ ਕਿ ਬਾਕੀ ਜਿਉਂਦਿਆਂ ਉਪਰ ਡਰ ਨਾਲ ਕਾਬੂ ਪਾਇਆ ਜਾ ਸਕੇ।

ਦੁਨੀਆਂ ਦੀ ਪਹਿਲੀ ਵੱਡੀ ਵੱਡੀ ਲੜਾਈ ਵੇਲੇ ਅਮਰੀਕਾ ਦੇ ਕਾਮਿਆਂ ਨੇ ਯੂਨੀਅਨਾਂ ਵਿਚ ਜਥੇਬੰਦ ਹੋ ਕੇ ਕਾਫੀ ਹੱਕ ਜਿੱਤ ਲਏ ਸਨ। ਪਰ ਲੜਾਈ ਤੋਂ ਬਾਅਦ ਸਰਮਾਏਦਾਰਾਂ ਨੇ ਕਾਮਿਆਂ ਨੂੰ ਮੁੜ ਕਾਬੂ ਕਰਨ ਲਈ ਇਕ ਬਹੁਤ ਵੱਡੀ ਮੁਹਿੰਮ ਚਲਾਈ ਜਿਹਦੇ ਵਿਰੁੱਧ ਕਾਮਿਆਂ ਵਲੋਂ ਵੀ ਜ਼ਬਰਦਸਤ ਮੁਕਾਬਲਾ ਕੀਤਾ ਗਿਆ। 1919 ਤੋਂ . 1922 ਤੱਕ ਦੱਸ ਮਿਲੀਅਨ ਕਾਮਿਆਂ ਨੇ ਸਟਰਾਈਕਾਂ ਕੀਤੀਆਂ। ਇਹ ਅਮਰੀਕਾ ਦੇ ਇਤਿਹਾਸ ਵਿਚ ਆਪਣੀ ਮਿਸਾਲ ਹੈ। ਇਸੇ ਸਮੇਂ ਦੌਰਾਨ ਆਏ ਆਰਥਿਕ ਮੰਦਵਾੜੇ ਵੇਲੇ ਹਜ਼ਾਰਾਂ ਜਥੇਬੰਦ ਲੋਕਾਂ ਨੂੰ ਜੇਲ੍ਹਾਂ ਵਿਚ ਸੁੱਟਿਆ ਗਿਆ। ਸਰਮਾਏਦਾਰੀ ਦੀ ਇਸ ਮੁਹਿੰਮ ਦਾ ਕਾਲੇ ਲੋਕਾਂ ਨੂੰ ਸਭ ਤੋਂ ਵੱਧ ਸ਼ਿਕਾਰ ਹੋਣਾ ਪਿਆ। ਕਾਲੇ ਲੋਕਾਂ ਨੂੰ ਦਬਾਉਣ ਲਈ ਕੂ ਕਲਕਸ ਕਲੈਨ ਨੂੰ ਫੇਰ ਖੁਲ੍ਹੇ ਤੌਰ ਤੇ ਵਰਤਿਆ ਗਿਆ। ਸਾਊਥ ਦੇ ਸਾਰੇ ਸੂਬਿਆਂ ਵਿਚ ਕਲੈਨ ਦੀ ਸਰਦਾਰੀ ਸੀ। ਇਸ ਸਮੇਂ ਇਸ ਸੰਸਥਾ ਦੇ ਮੈਂਬਰਾਂ ਦੀ ਗਿਣਤੀ ਪੰਜ ਮਿਲੀਅਨ (ਪੰਜਾਹ ਲੱਖ) ਸੀ ਸਾਰੇ ਸਾਊਥ ਵਿਚ ਤਸ਼ੱਦਦ ਜਾਰੀ ਸੀ।

ਪਹਿਲੀ ਵੱਡੀ ਲੜਾਈ ਵਿਚ ਕਾਲੇ ਫੌਜੀ ਵੀ ਭਾਰੀ ਗਿਣਤੀ ਵਿਚ ਸਨ ਉਹ ਜਦੋਂ ਯੂਰਪ ਤੋਂ ਵਾਪਿਸ ਆਏ ਤਾਂ ਕਈਆਂ ਨੂੰ ਯੂਰਪ ਵਿਚੋਂ ਖਾਸ ਕਰ

ਫਰਾਂਸ ਵਿਚੋਂ ਸਮਾਜਕ ਬਰਾਬਰਤਾ ਦਾ ਪਤਾ ਲੱਗਾ। ਉਹ ਇਥੇ ਆ ਕੇ ਵੀ ਉਸ ਸਮਾਜਕ ਬਰਾਬਰਤਾ ਨੂੰ ਲਾਗੂ ਕਰਨਾ ਚਾਹੁੰਦੇ ਸਨ। ਕਾਲੇ ਫੌਜੀਆਂ ਦੇ ਇਸ ਭੁਲੇਖੇ ਨੂੰ ਦੂਰ ਕਰਨ ਲਈ ਕਲੈਨ ਵਲੋਂ ਉਹਨਾਂ ਉਪਰ ਬੇਤਹਾਸ਼ਾ ਤ- ਤਸ਼ੱਦਦ ਕੀਤਾ ਗਿਆ। ਕਈ ਕਾਲੇ ਅਜੇ ਫੌਜੀ ਵਰਦੀਆਂ 'ਚ ਹੀ ਸਨ ਜਦੋਂ ਉਹਨਾਂ ਨੂੰ ਲੋਕਾਂ ਵਿਚ ਖੁੱਲੀਆਂ ਥਾਵਾਂ ਤੇ ਫਾਹੇ ਲਾਇਆ ਗਿਆ। ਦਰੱਖਤਾਂ ਨਾਲ ਬੰਨ੍ਹ ਕੇ ਜਿਉਂਦੇ ਸਾੜਿਆ ਗਿਆ ਤਾਂ ਕਿ ਉਹਨਾਂ ਦੇ ਦਿਮਾਗਾਂ ਵਿਚੋਂ ਸਮਾਜਕ ਬਰਾਬਰਤ ਦਾ ਭੁਲੇਖਾ ਕੱਢਿਆ ਜਾ ਸਕੇ।

ਅਮਰੀਕਾ ਅਤੇ ਕੈਨੇਡਾ ਦੇ ਹੋਰ ਹਿੱਸਿਆਂ ਵਾਂਗ ਬੀ. ਸੀ. ਵਿਚ ਵੀ ਕੂ ਕਲਕਸ ਕਲੈਨ ਦੀ ਹੋਂਦ ਦਾ ਇਹੋ ਕਾਰਨ ਹੈ। ਪਹਿਲੀ ਵੱਡੀ ਜੰਗ ਤੋਂ ਬਾਅਦ ਜਦੋਂ ਅਮਰੀਕਾ ਵਿਚ ਕਲੈਨ ਦੀ ਗਿਣਤੀ ਪੰਜ ਮਿਲੀਅਨ ਸੀ ਤਾਂ ਬੀ. ਸੀ. ਤੇ ਕੈਨੇਡਾ ਵੀ ਇਸ ਵਿਚ ਪਿਛੇ ਨਹੀਂ ਸੀ। ਇਕੱਲੇ ਸਸਕੈਚਵਨ ਸੂਬੇ- ਵਿਚ ਕਲੈਨ ਦੀ ਗਿਣਤੀ 40,000 ਤੋਂ ਉਪਰ ਸੀ। ਬੀ. ਸੀ. ਦੀ ਉਸ ਸਮੇਂ ਦੀ ਥੋੜੀ ਜਿਹੀ- ਵਸੋਂ ਵਿਚੋਂ ਵੀ ਇਕ ਹਜ਼ਾਰ ਤੋਂ ਉਪਰ ਕਲੈਨ ਦੇ ਮੈਂਬਰ ਸਨ ਜਿਹਨਾਂ ਵਿਚੋਂ ਪੰਜ ਐਮ. ਐਲ. ਏ. ਸਨ। ਸੰਸਾਰ ਦੀ ਦੂਜੀ ਵੱਡੀ ਜੰਗ ਤੋਂ ਬਾਅਦ ਕਿਉਂਕਿ ਕੈਨੇਡਾ ਅਮਰੀਕਾ ਦੀ ਆਰਥਿਕ ਹਾਲਤ ਕਾਫੀ ਖੁਸ਼ਹਾਲ ਰਹੀ ਇਸ ਕਰਕੇ ਕਲੈਨ ਵਰਗੀਆਂ ਸੰਸਥਾਵਾਂ ਦੀ ਕੋਈ ਲੋੜ ਨਹੀਂ ਸੀ। ਤੇ ਇਹੀ ਕਾਰਨ ਸੀ ਕਿ ਇਸ ਸਮੇਂ ਦੌਰਾਨ ਕਾਮਿਆਂ ਵਿਚ ਫੁੱਟ ਪਾਉ ਇਹਨਾਂ ਸੰਸਥਾਵਾਂ ਦਾ ਹਾਲ ਕਾਫੀ ਮੰਦਾ ਰਿਹਾ ਹੈ। ਪਰ ਹੁਣ ਪਿਛਲੇ ਦਹਾਕੇ ਤੋਂ ਇਥੇ ਆਰਥਿਕ ਮੰਦਵਾੜਾ ਵਧਣਾ ਸ਼ੁਰੂ ਹੋਇਆ ਹੈ ਇਹ ਸੰਸਥਾਵਾਂ ਵੀ ਖੁੰਬਾਂ ਵਾਂਗ ਉਠ ਰਹੀਆਂ ਹਨ।

ਕੂ ਕਲਕਸ ਕਲੈਨ ਦੇ ਇਤਿਹਾਸ ਉਪਰ ਇਹ ਸੰਖੇਪ ਜਿਹੀ ਝਾਤ ਵੀ ਉਹਨਾਂ ਦੀ ਅਸਲੀਅਤ ਬਾਰੇ ਜਾਂ ਉਹਨਾਂ ਦੇ ਇਰਾਦਿਆਂ ਬਾਰੇ ਕਿਸੇ ਕਿਸਮ ਦੀ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿਣ ਦਿੰਦੀ। ਨਾਲ ਹੀ ਇਹ ਗੱਲ ਵੀ ਸਾਫ ਹੋ ਜਾਂਦੀ ਹੈ ਕਿ ਮਨੁੱਖ ਨੂੰ ਮਨੁੱਖ ਦੇ ਬਰਾਬਰ ਦੇਖਣ ਵਾਲੇ ਲੋਕਾਂ ਨੂੰ ਸਿਕਸਨਹਾ ਲਾਲ ਕੁਤੇ ਕਿਉਂ ਕਹਿੰਦਾ ਹੈ। ਜਿਵੇਂ ਆਪਾਂ ਦੇਖਿਆ ਹੈ ਕਿ ਇਸ ਸੰਸਥਾ ਦੇ ਹੋਂਦ ਵਿਚ ਆਉਣ ਦਾ ਇਕੋ ਇਕ ਕਾਰਨ ਸੀ ਕਿ ਚਿੱਟੇ ਮਾਲਕ ਕਾਲੇ ਲੋਕਾਂ ਤੋਂ ਗੁਲਾਮਾਂ ਵਾਂਗ ਮੁਫਤ ਵਿਚ ਹੀ ਕੰਮ ਕਰਾਉਣਾ ਚਾਹੁੰਦੇ ਸਨ ਜਦੋਂ ਕਿ ਕਾਨੂੰਨੀ ਤੌਰ ਤੇ ਗੁਲਾਮੀ ਦਾ ਖਾਤਮਾ ਹੋ ਚੁੱਕਾ ਸੀ। ਇਹ ਲੋਕ ਮਨੁੱਖ ਨੂੰ ਮਨੁੱਖ ਦੇ ਤੌਰ 'ਤੇ ਨਹੀਂ ਦੇਖਦੇ ਸਗੋਂ ਇਕ 'ਗੋਰਾ ਮਨੁੱਖ' ਤੇ 'ਕਾਲਾ ਮਨੁੱਖ' ਵਜੋਂ ਦੇਖਦੇ ਹਨ। ਤੇ ਇਹਨਾਂ ਦੀ ਸਮਝ ਮੁਤਾਬਕ ਕਾਲਾ ਮਨੁੱਖ ਗੋਰੇ ਨਾਲੋਂ ਕੁਦਰਤੀ ਤੌਰ ਤੇ ਘਟੀਆ ਹੈ ਇਸ ਕਰਕੇ ਕਾਲੇ ਮਨੁੱਖ ਨੂੰ ਗੋਰੇ ਦੀ ਸੇਵਾ ਕਰਨੀ ਚਾਹੀਦੀ ਹੈ ਇਹ ਉਹੋ ਸੋਚ ਹੈ ਜਿਸ ਵਿਰੁੱਧ ਲੜਦੇ ਦਖਣੀ ਅਫਰੀਕਾ ਦੇ ਬਹਾਦਰ ਕਾਲੇ ਲੋਕ ਦਰਜਨਾਂ ਦੀ ਗਿਣਤੀ ਵਿਚ ਨਿਤ ਆਪਣੀਆਂ ਜਾਨਾਂ ਕੁਰਬਾਨ ਕਰ ਰਹੇ ਹਨ। ਇਹ ਉਹੋ ਸੋਚ ਹੈ ਜਿਹੜੀ ਭਾਰਤ ਦੀਆਂ ਲੁਟੇਰੀਆਂ ਜਮਾਤਾਂ ਨੇ ਜਾਤਪਾਤ ਰਾਹੀਂ ਲੋਕਾਂ ਦੇ ਵੱਡੇ ਹਿਸੇ ਤੇ ਠੋਕ ਕੇ ਉਹਨਾਂ ਨੂੰ ਨਵੇਂ ਦਰਜੇ ਦੇ ਮਨੁੱਖ ਸਾਬਤ ਕਰ ਰੱਖਿਆ ਹੈ ਅਤੇ ਜਿਸ ਵਿਰੁੱਧ ਇਹ ਅਖਬਾਰ ਦਾ ਸੰਪਾਦਿਕ ਖੁਦ ਧਰਮ ਯੁੱਧ ਵਿਡੀ ਬੈਠਾ ਹੈ। ਸੋ ਇਸ ਵਿਚ ਕੋਈ ਹੈਰਾਨੀ ਨਹੀਂ ਕਿ ਕੂ ਕਲਕਸ ਕਲੈਨ ਮਨੁੱਖ ਨੂੰ ਮਨੁੱਖ ਦੇ ਬਰਾਬਰ ਦਾ ਦਰਜਾ ਦੇਣ ਵਾਲੇ ਨੂੰ ਲਾਲ ਕੁੱਤਾ ਦਸਦੇ ਹਨ। ਇਹ ਗੱਲ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਜੇ ਕੋਈ ਸਾਡੇ ਮਹਾਨ ਚਿੰਤਕ ਗੁਰੂ ਨਾਨਕ ਦੇਵ ਦੀ ਫਿਲਾਸਫੀ ਇਹਨਾਂ ਕਲੈਨ ਵਾਲਿਆਂ ਨੂੰ ਦਸ ਦੇਵੇ ਤਾਂ ਇਹ ਉਸ ਨੂੰ ਵੀ ਇਹੋ ਕੁਝ ਕਹਿਣਗੇ ਕਿਉਂਕਿ ਇਹਨਾਂ ਮੁਤਾਬਕ 'ਸਰਬੱਤ ਦਾ ਭਲਾ' ਚਾਹੁਣ ਵਾਲਾ ਹਰ ਕੋਈ ਲਾਲ ਕੁੱਤਾ ਹੈ।

ਆਪਣੇ ਨਵੇਂ ਬਣੇ ਦੋਸਤ ਦੀ ਹਾਂ 'ਚ ਹਾਂ ਰਲਾਉਣ ਲਈ ਅਖਬਾਰ ਦਾ ਸੰਪਾਦਿਕ ਬੜਾ ਕਾਹਲਾ ਜਾਪਦਾ ਹੈ। ਅੱਜ ਕੱਲ੍ਹ ਉਹ ਵੀ ਹਿੰਦੋਸਤਾਨ ਵਿਚ ਹੋਏ ਸਿੱਖਾਂ ਦੇ ਕਤਲੇਆਮ ਨੂੰ ਕਮਿਊਨਿਸਟਾਂ ਦੇ ਸਿਰ ਲਾ ਰਿਹਾ ਹੈ। ਇਸ ਵਿਚ ਕਿੰਨੀ ਸਚਾਈ ਹੈ ਉਹ ਭਾਰਤ ਵਿਚ ਵਸਦਾ ਹਰ ਸਿੱਖ ਜਾਣਦਾ ਹੈ। ਪਰ ਅਜ ਕੱਲ ਹੀ ਵਾਪਰੀਆਂ ਘਟਨਾਵਾਂ ਨੂੰ ਇਸ ਤਰਾਂ ਪੇਸ਼ ਕਰਕੇ ਇਹ ਸੰਪਾਦਿਕ ਕੀ ਸਾਬਤ ਕਰਨਾ ਚਾਹੁੰਦਾ ਹੈ ਇਸ ਬਾਰੇ ਪੱਕੇ ਤੌਰ ਤੇ ਕੁਝ ਵੀ ਕਹਿਣਾ ਬੜਾ ਮੁਸ਼ਕਲ ਹੈ। ਪਰ ਇਸ ਬਾਰੇ ਕੁਝ ਅੰਦਾਜ਼ੇ ਜ਼ਰੂਰ ਲਾਏ ਜਾ ਸਕਦੇ। ਸਿੱਧਾ ਅੰਦਾਜ਼ਾ ਤਾਂ ਇਹ ਲਗਦਾ ਹੈ ਕਿ ਇਹ ਸਖਸ਼ ਸਿਰਫ ਆਪਣੀ ਅਖਬਾਰ ਚਲਾਉਣੀ ਚਾਹੁੰਦਾ ਹੈ ਇਸ ਤੋਂ ਵੱਧ ਇਸ ਨੂੰ ਕਿਸੇ ਚੀਜ਼ ਨਾਲ ਮਤਲਬ ਨਹੀਂ। ਜੇ ਇਹ ਗੱਲ ਨਾ ਹੁੰਦੀ ਤਾਂ ਉਹ ਕਲੈਨ ਵਰਗੀ ਸੰਸਥਾ ਵਲੋਂ ਆਏ ਖਤ ਨਾ ਛਾਪਦਾ ਕਿਉਂਕਿ ਇਹਦੇ ਵਿਚ ਸਿੱਧਾ ਉਹਨਾਂ ਲੋਕਾਂ ਦਾ ਨੁਕਸਾਨ ਹੈ ਜਿਹਨਾਂ ਦੇ ਭਵਿਖ ਬਾਰੇ ਇਹ ਫਿਕਰਮੰਦ ਹੋਣ ਦਾ ਦਾਅਵਾ ਕਰਦਾ ਹੈ। ਇਸ ਖਤ ਬਾਰੇ ਇਕ ਹੋਰ ਗੱਲ ਵੀ ਵਿਚਾਰਨ ਵਾਲੀ ਹੈ। ਇਸ ਖਤ ਦੀ ਅਸਲੀਅਤ 'ਤੇ ਵੀ ਸ਼ੱਕ ਕੀਤੀ ਜਾ ਸਕਦੀ ਹੈ। ਇਸ ਸੰਸਥਾ ਅਸਲੀ ਪੂਰਾ ਨਾਂ 'ਕੂ ਕਲਕਸ ਕਲੈਨ' ਹੈ। ਬਹੁਤੇ ਲੋਕ ਭੁਲੇਖੇ ਨਾਲ ਕੂ ਦੀ ਥਾਂ ਕੁਲੂ ਕਹਿ ਦਿੰਦੇ ਹਨ। ਪਰ ਕਲੈਨ ਦਾ ਕੋਈ ਲੀਡਰ ਖੁਦ ਇਹ ਗਲਤੀ ਨਹੀਂ ਕਰ ਸਕਦਾ। ਅਖਬਾਰ ਵਿਚ ਵੀ ਕੁਲੂ ਛਪਿਆ ਹੈ। ਸੋ ਇਹ ਵੀ ਸ਼ੱਕ ਵਾਲੀ ਗੱਲ ਹੈ ਕਿ ਇਹ ਖਤ ਸੱਚ ਮੁੱਚ ਹੀ ਕਲੈਨ ਦਾ ਲਿਖਿਆ ਜਾਂ ਅਖਬਾਰ ਦਾ ਆਪਣਾ ਹੀ ਪਬਲੀਸਿਟੀ ਸਟੰਟ ਹੈ? ਇਹ ਵੀ ਧਿਆਨ ਨਾਲ ਸੋਚਣ ਵਾਲੀ ਗੱਲ ਹੈ।

ਸਿਰਫ ਰੰਗ ਦੇ ਆਧਾਰ ਤੇ ਦੂਜਿਆਂ ਨੂੰ ਆਪਣੇ ਨਾਲੋਂ ਘਟੀਆ ਦੱਸਣ ਵਾਲੀ ਤੇ ਉਹਨਾਂ ਨੂੰ ਮਾਰ ਮੁਕਾਉਣ ਵਾਲੀ ਇਸ ਸੰਸਥਾ ਦੇ ਲੀਡਰ ਵਲੋਂ ਸਿੱਖ ਲੋਕਾਂ ਦੇ ਨਾਂ ਦੋਸਤਾਨਾ ਖਤ ਲਿਖਣਾ ਆਪਣੇ ਆਪ ਵਿਚ ਇਕ ਹੈਰਾਨੀ ਵਾਲੀ ਗੱਲ ਹੈ। ਪਰ ਸ਼ਾਇਦ ਇਹ ਇੰਨੀ ਹੈਰਾਨੀ ਵਾਲੀ ਗੱਲ ਵੀ ਨਹੀਂ ਕਿਉਂਕਿ ਇਹੋ ਜਿਹੇ ਲੋਕ ਜਿਹਨਾਂ ਨੂੰ ਆਪਣੇ ਦੁਸ਼ਮਣ ਸਮਝਦੇ ਹਨ ਉਹਨਾਂ ਨੂੰ ਆਪਸ ਵਿਚ ਪਾੜ ਕੇ ਤੇ ਇਕ ਪਾਸੇ ਦੀ ਮੱਦਦ ਕਰਕੇ ਹਮੇਸ਼ਾਂ ਆਪਣਾ ਉਲੂ ਸਿੱਧਾ ਕਰਦੇ ਹਨ। ਅਸਲ ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਇਹ ਖਤ ਇਕ ਪੰਜਾਬੀ ਅਖਬਾਰ ਵਿਚ ਛਪਿਆ ਹੈ। ਤੇ ਇਸ ਤੋਂ ਵੀ ਵੱਧ ਹੈਰਾਨੀ ਦੀ ਗੱਲ ਜਿਹੜੀ ਘੱਟੋ ਘੱਟ ਸਾਡੀ ਸਮਝ ਤੋਂ ਬਾਹਰ ਹੈ ਉਹ ਹੈ ਵਰਲਡ ਸਿੱਖ ਆਰਗੇਨਾਈਜੇਸ਼ਨ (WSO) ਦੇ ਇਕ ਸਥਾਨਕ ਲੀਡਰ ਦਲਜੀਤ ਸਿੰਘ ਸੰਧੂ ਵਲੋਂ ਕਲੈਨ ਦੇ ਖਤ ਉਤੇ ਸ਼ਰੇਆਮ ਖੁਸ਼ੀ ਜਾਹਰ ਕਰਨੀ। ਵੈਨਕੂਵਰ ਸੰਨ (NOV. 13) ਵਿਚ ਛਪੇ ਇਕ ਬਿਆਨ ਮੁਤਾਬਕ ਉਹਨਾਂ ਕਿਹਾ ਹੈ ਕਲੈਨ ਲੀਡਰ "ਸਿਕਸਨਾ ਦਾ ਖਤ ਸਾਡੇ ਲਈ ਇਕ ਖੁਸ਼ਖਬਰੀ ਹੈ। ਘੱਟੋ ਘੱਟ ਕੁਝ (something) ਤਾਂ ਸਾਡੀ ਮੱਦਦ ਕਰਨ ਲੱਗਾ।"

ਕੀ ਅਸੀਂ ਇਹ ਸਮਝ ਲਈਏ ਕਿ ਅਖਬਾਰ ਦੇ ਸੰਪਾਦਕ ਤਾਰਾ ਸਿੰਘ ਹੇਅਰ ਤੇ WSO ਦੇ ਲੀਡਰ ਦਲਜੀਤ ਸਿੰਘ ਸੰਧੂ ਨੂੰ ਕੂ ਕਲਕਸ ਕਲੈਨ ਦੀ ਅਸਲੀਅਤ ਬਾਰੇ ਜਾਣਕਾਰੀ ਨਹੀਂ ਹੈ। ਇਹ ਗੱਲ ਮੰਨਣੀ ਥੋੜੀ ਮੁਸ਼ਕਲ ਹੈ। ਕਿਉਂਕਿ ਪਿਛਲੇ ਕੁਝ ਸਾਲਾਂ ਵਿਚ ਕਲੈਨ ਨੇ ਕੈਨੇਡਾ ਵਿਚ ਵਸਦੇ ਸਿੱਖਾਂ ਉਪਰ ਕਈ ਘਿਨਾਉਣੇ ਹਮਲੇ ਕੀਤੇ ਹਨ। ਜਿਵੇਂ 1980 ਵਿਚ ਟਰਾਂਟੋ ਵਿਚ ਇਕ ਛੇ ਸਾਲ ਦੇ ਸਿੱਖ ਲੜਕੇ ਹਰਪ੍ਰੀਤ ਫਲੋਰਾ ਦਾ ਕਤਲ। ਬੀ. ਸੀ. ਵਿਚ ਕਲੈਨ ਵਲੋਂ ਸਿੱਖਾਂ ਉਪਰ ਕਿੰਨੇ ਹੀ ਹਮਲੇ ਕੀਤੇ ਗਏ। ਜਿਵੇਂ 1981 ਵਿਚ ਲੈਡਨਰ ਵਿਖੇ ਸਿਖਾਂ ਦੇ ਇਕ ਘਰ ਉਪਰ ਫਾਇਰਬੰਬ ਨਾਲ ਹਮਲਾ ਕੀਤਾ ਗਿਆ। ਸਰੀ ਵਿਚ ਵੀ ਇਹੋ ਜਿਹੇ ਕਈ ਹਮਲੇ ਹੋਏ। ਵੈਨਕੂਵਰ ਇਕ ਬਜ਼ੁਰਗ ਸਿਖ ਦੇ ਢਿੱਡ ਵਿਚ ਦੂਰੋਂ ਗੰਨ ਨਾਲ ਸੂਈ ਮਾਰੀ ਗਈ। ਇਹ ਤਾਂ ਸਿਰਫ ਕੁਝ ਇਕ ਉਦਾਹਰਣਾਂ ਹਨ। ਕੀ ਹੇਅਰ ਤੇ ਸੰਧੂ ਇਹਨਾਂ ਬਾਰੇ ਵਾਕਫੀ ਨਹੀਂ ਰੱਖਦੇ। ਜੇ ਉਹ ਸੱਚ ਮੁੱਚ ਇਹਨਾਂ ਘਟਨਾਂਵਾਂ ਬਾਰੇ ਤੇ ਕਲੈਨ ਦੇ ਇਤਿਹਾਸ ਬਾਰੇ ਕੁਝ ਨਹੀਂ ਜਾਣਦੇ ਤਾਂ ਜਿਹਨਾਂ ਲੋਕਾਂ ਦੇ ਇਹ ਸੰਪਾਦਕ ਤੇ ਲੀਡਰ ਹਨ ਉਹਨਾਂ ਵਿਚਾਰਿਆਂ ਦੀ ਮਾੜੀ ਕਿਸਮਤ ਬਾਰੇ ਤਾਂ ਅਫਸੋਸ ਹੀ ਜਾਹਿਰ ਕੀਤਾ ਜਾ ਸਕਦਾ ਹੈ। ਪਰ ਜੇ ਦੂਜੇ ਪਾਸੇ ਇਹਨਾਂ ਨੂੰ ਪੂਰੀ ਜਾਣਕਾਰੀ ਹੈ ਕਿ ਕਲੈਨ ਕੀ ਚੀਜ਼ ਹੈ ਤੇ ਇਹ ਜਾਣ ਕੇ ਵੀ ਉਹਨਾਂ ਨਾਲ ਗਲਵਕੜੀ ਹੋ ਰਹੇ ਹਨ ਤਾਂ ਮਨ 'ਚ ਆਪਣੇ ਆਪ ਇਹ ਸੁਆਲ ਉਠਦਾ ਹੈ ਕਿ ਇਹ ਮਾਜਰਾ ਕੀ ਹੈ? ਅਸੀਂ ਇਹਨਾਂ ਬਾਰੇ ਵਾਹਲਾ ਕੁਝ ਕਹਿਣਾ ਫਾਇਦੇ ਮੰਦ ਨਹੀਂ ਸਮਝਦੇ ਕਿਉਂਕਿ ਜਿੰਨਾ ਚਿਰ ਸਾਰੇ ਲੋਕ ਜਿਹੜੇ ਇਹਨਾਂ ਨੂੰ ਆਪਣੇ ਲੀਡਰ ਮੰਨਦੇ ਹਨ, ਚੁਣਦੇ ਹਨ, ਫੰਡ ਦਿੰਦੇ ਹਨ, ਇਹਨਾਂ ਦੇ ਕਹੇ ਮਰਨ ਮਾਰਨ ਲਈ ਤਿਆਰ ਰਹਿੰਦੇ ਹਨ, ਜਿੰਨਾ ਚਿਰ ਉਹ ਇਹਨਾਂ ਤੋਂ ਇਸ ਕਿਸਮ ਦੀਆਂ ਬੇਹੂਦਾਂ ਗੱਲਾਂ ਬਾਰੇ ਨਹੀਂ ਪੁੱਛਦੇ ਉਨਾ ਚਿਰ ਇਹ ਆਪਣੀਆਂ ਮਨ ਮਰਜ਼ੀਆਂ ਕਰਨਗੇ।

ਇਹ ਸੰਭਵ ਹੈ ਕਿ ਕੱਲ੍ਹ ਨੂੰ ਇਹਨਾਂ ਸੰਪਾਦਕਾਂ ਤੇ ਲੀਡਰਾਂ ਨੇ ਖੁਦ ਆਪਣੇ

(ਸਫ਼ਾ 25 →)

ਉਸਾਰਨ ਲਈ ਹੁਣ ਕੋਈ ਵੀ ਗੁੰਜਾਇਸ਼ ਬਾਕੀ ਨਾ ਛੱਡਣ।

**ਪ੍ਰਧਾਨ-ਮੰਤਰੀ ਦਾ ਤਿਕੜਮ ਬਾਜ਼ੀ ਵਾਲਾ ਰੋਲ :** ਸਰਮਾਏਦਾਰੀ ਦੇ ਸਮੁੱਚੇ ਪੁਰਾਣੇ ਖ਼ਾਸੇ ਮੁਤਾਬਕ ਅੱਜ ਦੀ ਭਾਰਤੀ ਪ੍ਰਧਾਨਮੰਤਰੀ ਦੇ ਮੌਜੂਦਾ ਰੋਲ'ਤੇ ਕਾਫ਼ੀ ਸ਼ੱਕ ਹੈ ਕਿ ਉਹ ਅਜੇ ਵੀ ਪੰਜਾਬ ਦੇ ਮਸਲੇ ਨੂੰ ਉਨਾਂ ਚਿਰ ਸੁਲਝਾਣ ਦੇ ਮੂਡ ਵਿਚ ਨਹੀਂ ਜਿੰਨਾ ਚਿਰ ਇਸ ਫ਼ੈਸਲੇ ਵਿਚੋਂ ਕਾਂਗਰਸੀ ਮੁਨਾਫ਼ਾ ਪੂਰਾ ਨਹੀਂ ਹੁੰਦਾ ਜਿਸ ਦੇ ਲਈ ਬੱਸਾਂ ਵਿਚੋਂ ਕੱਢ ਕੇ ਮਾਰੇ ਲੋਕਾਂ ਤੋਂ ਲੈ ਕੇ ਦਿੱਲੀ ਅਤੇ ਹੋਰ ਸ਼ਹਿਰਾਂ ਤੱਕ ਆਪਣੇ ਪੈਦਾ ਕੀਤੇ ਹੱਥਠੋਕਿਆਂ ਸਮੇਤ ਆਪਣੇ ਰਾਜਸੀ ਮੁਨਾਫ਼ਿਆਂ ਦੀ ਪੂਰਤੀ ਲਈ ਅੱਤਘਟੀਆ ਅਣਮਨੁਖੀ ਡਰਾਮਾ ਖੇਡ ਚੁੱਕੇ ਹਨ। ਹੁਣੇ ਹੁਣੇ ਪ੍ਰਧਾਨ-ਮੰਤਰੀ ਦੀ ਇੰਗਲੈਂਡ ਫੇਰੀ ਦੇ ਇਨ੍ਹਾਂ ਬਿਆਨਾਂ ਨੇ ਗੁੰਜਾਇਸ਼ ਨਹੀਂ ਰਹਿਣ ਦਿਤੀ ਕਿ ਇਕ ਪਾਸੇ ਇੰਗਲੈਂਡ ਜਾਂ ਕੈਨੇਡਾ ਦੀ ਸਰਕਾਰ ਤੋਂ ਆਪਣੇ ਮੁਜ਼ਰਿਮ ਮੰਗਣੇ ਅਤੇ ਦੂਸਰੇ ਪਾਸੇ ਲੋਕ-ਮੁਜ਼ਰਮਾਂ ਜਿਵੇਂ ਐਚ. ਕੇ. ਐਲ. ਭਗਤ ਜਾਂ ਜਗਦੀਸ਼ ਟਾਈਟਲਰ ਵਰਗਿਆਂ ਨੂੰ ਆਪਣੀ ਵਜ਼ਾਰਤ ਵਿਚ ਉਚੀਆਂ ਪਦਵੀਆਂ ਦੇਣੀਆਂ ਜਿਸ ਦੀ ਅਸੀਂ ਪੁਰ ਜ਼ੋਰ ਸ਼ਬਦਾਂ ਵਿਚ ਨਿਖੇਧੀ ਕਰਦੇ ਹਾਂ ਕਿਉਂਕਿ ਸਜ਼ਾ ਬੋਲੀ ਜਾਂ ਧਰਮ ਦੇ ਅਧਾਰ'ਤੇ ਨਹੀਂ, ਸਜ਼ਾ ਗੁਨਾਹ ਦੇ ਅਧਾਰ'ਤੇ ਮਿਲਣੀ ਚਾਹੀਦੀ ਹੈ। ਦੂਸਰੇ ਪਾਸੇ ਹਰਿਆਣੇ ਦੇ ਮੁਖ-ਮੰਤਰੀ ਦੇ ਗਲਤ ਬਿਆਨ ਜਿਸ ਦੀ ਜੜ੍ਹ ਕੇਂਦਰ ਸਰਕਾਰ ਹੀ ਹੈ, ਇਨ੍ਹਾਂ ਦੀ ਨੀਅਤ'ਤੇ ਹੋਰ ਵੀ ਸ਼ੱਕ ਪੈਦਾ ਕਰਦੀ ਹੈ। ਕਿਉਂਕਿ ਭਜਨ ਲਾਲ ਮੌਜੂਦਾ ਸਰਕਾਰ ਦੀ ਇਕ ਐਸੀ ਕੱਠ-ਪੁਤਲੀ ਹੈ ਜੋ ਆਪਣੇ ਮੁੱਖ-ਮੰਤਰੀ ਪਦ ਲਈ ਆਪਣੇ ਬੌਸਾਂ ਦੀ ਸ਼ਹਿ'ਤੇ ਹਰ ਕਿਸਮ ਦਾ ਨਾਚ ਨੱਚ ਸਕਦੀ ਹੈ। ਸੋ ਅਸੀਂ ਇਹ ਕਦੇ ਵੀ ਮੰਨਣ ਨੂੰ ਤਿਆਰ ਨਹੀਂ ਕਿ ਭਜਨ ਲਾਲ ਦਾ ਪੰਜਾਬ ਮਸਲੇ ਲਈ ਦਿਤਾ ਕੋਈ ਵੀ ਬਿਆਨ ਉਸਦਾ ਆਪਣਾ ਹੋਵੇਗਾ। ਇਹਨਾਂ ਲੀਡਰਾਂ ਦੀ ਈਮਾਨਦਾਰੀ 'ਤੇ ਸ਼ੱਕ ਕਰਦੇ ਹੋਏ ਅਸੀਂ ਸਮੁੱਚੇ ਹਿੰਦੁਸਤਾਨੀਆਂ ਅਤੇ ਖ਼ਾਸ ਕਰਕੇ ਹਰਿਆਣੇ ਅਤੇ ਪੰਜਾਬ ਵਿਚਲੇ ਪੰਜਾਬੀਆਂ ਨੂੰ ਅਪੀਲ ਕਰਾਂਗੇ ਕਿ ਬੋਲੀ ਦੇ ਆਧਾਰ'ਤੇ ਸੂਬਿਆਂ ਦੇ ਪੁਨਰਗਠਨ ਨੂੰ ਲਾਗੂ ਕਰਵਾ ਕੇ ਆਪਣੀ ਬੋਲੀ, ਆਪਣੇ ਮੁਲਕ ਨੂੰ ਮਜ਼ਬੂਤ ਕਰਨ। ਅਸੀਂ ਇਹ ਵੀ ਸਮਝਦੇ ਹਾਂ ਕਿ ਹਰਿਆਣੇ ਵਿਚਲੇ ਜਾਂ ਪੰਜਾਬ ਵਿਚਲੇ ਬਹੁਤੇ ਪੰਜਾਬੀ ਕਈ ਰਾਜਸੀ ਜਾਂ ਧਾਰਮਿਕ ਦਬਾਵਾਂ ਕਰਕੇ ਆਪਣੀ ਬੋਲੀ ਜਾਂ ਸੱਭਿਆਚਾਰ ਤੋਂ ਮੁਨਕਰ ਹੋ ਬੈਠਦੇ ਹਨ ਜਿਸਦਾ ਅਸੀਂ ਅੱਗੇ ਵੀ ਬਹੁਤ ਹਰਜਾਨਾ ਭੁਗਤ ਚੁੱਕੇ ਹਾਂ। ਜੇ ਅਜੇ ਵੀ ਸੁਚੇਤ ਨਾ ਹੋਏ ਤਾਂ ਸਾਨੂੰ ਸਦਾ ਚਲਾਕ ਸਰਮਾਏਦਾਰੀ ਸਾਂਝੀਆਂ ਮੰਗਾਂ ਵੱਲ ਉੱਠਣ ਤੋਂ ਪਹਿਲਾਂ ਹੀ ਇਲਾਕਾ, ਬੋਲੀ, ਕੌਮ, ਧਰਮ ਦੇ ਨਾਂ'ਤੇ ਵੰਡਦੀ ਰਹੇਗੀ।

• (EDMONTON, ALBERTA)

---

- ਮੰਥਨ ਦੀ ਬਾਕੀ / ਸਫ਼ਾ 14 ਤੋਂ ਅੱਗੇ -

ਸਾਹਿਤ ਰਚਣ ਵਾਲੇ ਲੇਖਕਾਂ, ਹਿੰਦੋਸਤਾਨ ਬਾਰੇ ਸਹੀ ਜਾਣਕਾਰੀ ਚਾਹੁਣ ਵਾਲੇ ਲੋਕਾਂ ਲਈ ਵੇਖਣੀ ਜ਼ਰੂਰੀ ਹੈ। ਬੀ. ਸੀ. ਵਿਚ ਰਹਿ ਰਹੇ ਖੇਤ-ਮਜ਼ਦੂਰਾਂ ਨੂੰ ਇਹ ਫ਼ਿਲਮ ਵੇਖਣੀ ਹੋਰ ਵੀ ਜ਼ਰੂਰੀ ਹੈ ਕਿਉਂਕਿ ਇਸ ਵਿਚਲੀਆਂ ਕਈ ਗੱਲਾਂ ਉਨ੍ਹਾਂ ਦੀਆਂ ਹਾਲਤਾਂ ਨਾਲ ਮਿਲਦੀਆਂ ਜੁਲਦੀਆਂ ਹਨ। ਜਿਵੇਂ ਇਸ ਫ਼ਿਲਮ ਵਿਚ ਕੋ-ਆਪਰੇਟਿਵ ਸੁਸਾਇਟੀ ਦੇ ਹੋਂਦ ਵਿਚ ਆਉਣ ਨਾਲ ਡੇਅਰੀ ਮਾਲਕ ਨੂੰ ਦੁੱਧ ਲੈਣ ਲਈ ਕੀਮਤ ਵਧਾਉਣੀ ਪੈਂਦੀ ਹੈ। ਇਸੇ ਤਰ੍ਹਾਂ ਪਿਛਲੇ ਵਰ੍ਹਿਆਂ ਵਿਚ ਕੈਨੇਡੀਅਨ ਫ਼ਾਰਮ ਵਰਕਰਜ਼ ਯੂਨੀਅਨ ਦੇ ਹੋਂਦ ਵਿਚ ਆਉਣ ਨਾਲ ਫ਼ਾਰਮਰਾਂ ਅਤੇ ਠੇਕੇਦਾਰਾਂ ਨੂੰ ਬੇਰੀ ਦੇ ਤੋੜੇ ਫ਼ਲੈਟਾਂ ਦੇ ਰੇਟ ਵਧਾਉਣੇ ਪਏ ਹਨ। ਕੰਮ ਉਪਰ ਥੋੜ੍ਹੀਆਂ ਬਹੁਤੀਆਂ ਸਹੂਲਤਾਂ ਦੇਣੀਆਂ ਪਈਆਂ ਹਨ। ਫਿਰ ਜਦੋਂ ਡੇਅਰੀ ਮਾਲਕ ਨੂੰ ਲੱਗਦਾ ਹੈ ਕਿ ਡਾਕਟਰ ਦੇ ਚਲੇ ਜਾਣ ਨਾਲ ਕੋ-ਆਪਰੇਟਿਵ ਖ਼ਤਮ ਹੋ ਗਈ ਹੈ ਤਾਂ ਉਹ ਦੁੱਧ ਦੇ ਰੇਟ ਘਟਾ ਦਿੰਦਾ ਹੈ। ਇਸ ਨਾਲ ਖੇਤ-ਮਜ਼ਦੂਰਾਂ ਨੂੰ ਇਹ ਸਮਝਣ ਵਿਚ ਮੱਦਦ ਮਿਲੇਗੀ ਕਿ ਯੂਨੀਅਨ ਦੀ ਹੋਂਦ ਉਨ੍ਹਾਂ ਲਈ ਕਿੰਨੀ ਜ਼ਰੂਰੀ ਹੈ ਅਤੇ ਯੂਨੀਅਨ ਤਾਂ ਹੀ ਹੋਂਦ ਵਿਚ ਰਹਿ ਸਕਦੀ ਹੈ ਜੇ ਖੇਤ-ਮਜ਼ਦੂਰ ਇਸ ਫ਼ਿਲਮ ਦੇ ਹਰੀਜਨਾਂ ਵਾਂਗ ਇਹ ਸਮਝਣ ਕਿ ਯੂਨੀਅਨ ਉਨ੍ਹਾਂ ਦੀ ਆਪਣੀ ਹੈ, ਕਿਸੇ ਪ੍ਰਧਾਨ ਜਾਂ ਸੈਕਟਰੀ ਦੀ ਨਹੀਂ।

ਇਸ ਫ਼ਿਲਮ ਨੂੰ ਡਾਇਰੈਕਟ ਸ਼ਿਆਮ ਬੈਨੇਗਲ ਨੇ ਕੀਤਾ ਹੈ ਅਤੇ ਫ਼ੋਟੋਗਰਾਫ਼ੀ ਗੋਬਿੰਦ ਨਿਹਲਾਨੀ ਨੇ ਕੀਤੀ ਹੈ। ਇਸ ਵਿਚਲੇ ਮੁੱਖ ਪਾਤਰਾਂ ਦੇ ਰੋਲ ਸਮਿਤਾ ਪਾਟਿਲ, ਗਰੀਸ਼ ਕਰਨਾਡ, ਅਮਰੀਸ਼ਪੁਰੀ, ਕੁਲਭੂਸ਼ਨ ਖਰਬੰਦਾ, ਨਸੀਰੁਦੀਨ ਸ਼ਾਹ ਆਦਿ ਨੇ ਬਹੁਤ ਖ਼ੂਬਸੂਰਤੀ ਨਾਲ ਨਿਭਾਏ ਹਨ। • (BURNABY, B.C.)





# Jay's Travel Ltd.

10421 - 80 Avenue, Edmonton, Alta. T6E 1V1
Ph. 403(432-7017)-4 lines

**COMPLETE TRAVEL SERVICE—WORLDWIDE**

*Reservations for Airlines, Steamships, Group Cruises, Vacation Planning, All Inclusive Packages, Hotels, Rent A Car, Tours*

**UNBEATABLE RATES TO**

*India, Pakistan, Sri Lanka, East Africa and Lebanon*

# HIMALAYA RESTAURANT LTD.

(LICENSED PREMISES)

6595 Main Street
Phone: 324-6514

2313 Main Street,
Phone: 876-2911

VANCOUVER, B.C.



KEWAL SINGH PABLA

## PABLA'S VIKING INN

**828 East Hastings**

**Call 324 - 6514**



JAGMOHAN SINGH PABLA

**Mesu, Patisa, Besan, Barfi, Gajarpack, Laddo, Padha, Gulab Jamun, Rasgoole, Badana, Jalebi, Amratiyan, Shakerpare, Namkeen Bhujiya and many many more.**

ਮਠਿਆਈ ਦੀ ਮਸ਼ਹੂਰ ਦੁਕਾਨ



## RED FORT INSURANCE SERVICES

107 - 9303 - 34 AVE.
EDMONTON, ALBERTA
T6E 5W8

FOR PERSONAL SERVICES CALL:

## HARJIT JUDGE

**BUS. 463-9523** **RES. 462-2371**

**Let me look after all your Insurance Needs:**

**PERSONAL:** Fire, Auto, Motor, Tenant Package

**LIFE INSURANCE:** Mortgage, Disability and Accident & Sickness.

**COMMERCIAL:** Bonding, Liability, Fires, Crime, Apartment Buildings, Retail Stores, Offices, Machinery, Boilers.



## Millwoods Hair Stylists (Unisex)

SPECIALIZED IN:

i) Haircut ii) Blow Dry iii) Colour
iv) Perms v) Henna vi) French Braids

PHONE:

## DARSHAN DHILLON

**FOR APPOINTMENT (463-5012)**

## BOMBAY SWEETS MFG. INCORPORATED

**FOR LARGEST VARIETY IN INDIAN SWEETS**

• ਛੋਲੇ ਭਟੂਰੇ • ਸਮੋਸੇ • ਆਲੂ ਟਿੱਕੀ

• ਕਰਾਰੇ ਕਰਾਰੇ ਗੋਲਗੱਪੇ ਆਦਿ ਆਦਿ

ਅਤੇ ਹੋਰ ਬਹੁਤ ਕੁਝ ਹਰ ਸਮੇਂ ਤਿਆਰ ਮਿਲੇਗਾ

ਆਓ ਤੇ ਵਧੀਆ ਸਾਮਾਨ ਘੱਟ ਕੀਮਤਾਂ ਵਿਚ ਸਾਥੋਂ ਖਰੀਦੋ
ਥੋਕ ਤੇ ਮਠਿਆਈ ਖ਼ਰੀਦਣ ਲਈ

ਨਰੇਸ਼ ਸ਼ੁਕਲਾ ਐਂਡ ਬ੍ਰਦਰਜ਼

6556 - 60 Main Street
(at 49th Ave.)
Vancouver, B.C. V5X 3H1
Tel: (604) 321-1414
874-5722

**OPEN EVERY DAY 9 A.M. TO 9:30 P.M.**

## VICON MEDIC PHARMACY

ਵਾਈਕਾਨ ਫਾਰਮੇਸੀ

ਤੁਹਾਡੀ ਸਹੂਲਤ ਲਈ 6407 ਮੇਨ ਸਟਰੀਟ 'ਤੇ ਖੁੱਲ੍ਹ ਗਿਆ ਹੈ। ਇੱਥੋਂ ਤੁਸੀਂ ਦਵਾਈਆਂ ਅਤੇ ਹੋਰ ਲੋੜੀਂਦਾ ਸਾਮਾਨ ਬਹੁਤ ਹੀ ਸਸਤੀਆਂ ਕੀਮਤਾਂ 'ਤੇ ਖਰੀਦ ਸਕਦੇ ਹੋ।

ਖੁਦ ਆਓ ਅਤੇ ਅਜ਼ਮਾ ਕੇ ਦੇਖੋ :

**TEL: 324-3177**


KENNY K. H. NG B.Sc. (PHARM.) R.P.E.B.C.

PAUL C. Y. FU B.Sc. (PHARM.) R.P.E.B.C.

**6407 MAIN ST. VANCOUVER, B.C.**

## PAUL'S

***PLUMBING & ELECTRICAL SUPPLY***



**'OPEN ON SUNDAYS TOO'**

**DO YOU NEED PLUMBING OR ELECTRICAL SUPPLIES AND SERVICE FOR NEW HOMES OR FOR RENOVATIONS? OUR PRICES ARE VERY COMPETITIVE AND WE ASSURE YOU WE WILL HAVE EVERYTHING FOR YOU TO FINISH YOUR JOB.**

***Contact Paul At:***
***4774 Main St. (at 32nd) Vancouver, B.C.***
***PH: 872-3118*** Supply
***872-7227*** Service



## KESri

**SWEETS & RESTAURANT LTD.**

*Retailer & Wholesaler*

*We Cater for Weddings & Parties*

1424 GERRARD ST. EAST
TORONTO, ONT. M4L 1Z6
Tel. 466-0173

# S & S Insurance Services





ਪੰਜਾਬੀ ਮਾਰਕਿਟ ਵਿਚ

**PH. 324-5711**

**6658 MAIN ST., VANCOUVER.**

ਦਲਬੀਰ ਸਿੰਘ ਗਿੱਲ

ਦਲਜੀਤ ਸਿੰਘ ਸਿੱਧੂ

**An Autoplan reminder—**
Leisure vans with modifications to the interior require a special equipment endorsement to cover some extras. Unlike motorhomes, vans are insured for their actual cash value, and equipment added after the vehicle leaves the original manufacturer is not included in the basic coverage. Be sure you have the insurance you need.

---

**The shop where you can get all kinds of Fabrics!**

## PRINCE FABRICS

**372 - Anderson Drive**
**Quesnel, B.C.**
**V2J 1G2**

Bus: (604) 992-3319
Res: (604) 992-5108
**Jagdish Puri**

** We make to measure Salwar - Kamiz - Lehnga*

** Also in gents wear Pants, Shirts, Coats, etc.*

** Mail order accepted*

---

**EYE EXAMINATIONS ARRANGED**



**SOFT CONTACT LENS SALE**

**NOW $119⁰⁰**
ALL FITTING FEES INCLUDED

If you've ever wanted to wear contact lenses, here's your opportunity! These first quality soft contact lenses are super comfortable, simple and safe to wear.

Bring us your prescription (or ask us to arrange an eye examination) and be experty fitted by our qualified staff. You'll be surprised how quickly you can adapt to wearing soft contact lenses!

**EXTENDED WEAR CONTACT LENS $219⁰⁰**

## Campus Eye Center

11151-87 Ave. 432-1372